Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

Vol 18 *Issue 199 | Thursday, October 17, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਖੇਡ ਮੰਤਰੀ ਰਾਣਾ ਸੋਢੀ ਨੂੰ ਮੁੱਖ ਮੰਤਰੀ ਦੇ ਸੁਰੱਖਿਆ ਇੰਚਾਰਜ ਨੇ ਗੱਡੀ ਤੋਂ ਲਾਹਿਆ

* ਰਾਣਾ ਸੋਢੀ ਕਾਫਲੇ ਵਿੱਚੋਂ ਹੀ ਨਿਕਲ ਤੁਰਿਆ



ਮੁਕਤਸਰ ਸਾਹਿਬ, 16 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੁਰੱਖਿਆ ਇੰਚਾਰਜ ਖੂਬੀ ਰਾਮ ਨੇ ਅੱਜ ਇਸ ਰਾਜ ਦੇ ਖੇਡ ਮੰਤਰੀ ਨੂੰ ਬੁੱਧਵਾਰ ਸਵੇਰੇ ਪਿੰਡ ਮੋਹਲਾਂ ਵਿੱਚ ਉਸ ਕਾਫ਼ਲੇ ਦੀ ਗੱਡੀ ਤੋਂ ਇਹ ਕਹਿ ਕੇ ਉਤਾਰ ਦਿੱਤਾ ਕਿ ਇਹ ਸਰਕਾਰੀ ਗੱਡੀ ਹੈ। ਇਸ ਤੋਂ ਖੇਡ ਮੰਤਰੀ ਤੇ ਸੁਰੱਖਿਆ ਇੰਚਾਰਜ ਦੀ ਬਹਿਸ ਹੋਈ ਤਾਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਖੇਡ ਮੰਤਰੀ ਦੇ ਪੱਖ ਵਿੱਚ ਬੋਲੇ, ਪਰ ਸੁਰੱਖਿਆ ਇੰਚਾਰਜ ਨੇ ਕਿਸੇ ਦੀ ਨਹੀਂ ਸੁਣੀ। ਇਹ ਬਹਿਸ ਚੱਲਣ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਉਸ ਤੋਂ ਪਿਛਲੀ ਗੱਡੀ ਵਿੱਚ ਬੈਠੇ ਹੋਏ ਸਨ, ਪਰ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕੁਝ ਕਹਿਣ ਦੀ ਖਬਰ ਨਹੀਂ ਮਿਲੀ।

ਅਸਲ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਜ ਜਲਾਲਾਬਾਦ ਉੱਪ ਚੋਣ ਵਿੱਚ ਕਾਂਗਰਸੀ ਉਮੀਦਵਾਰ ਰਮਿੰਦਰ ਆਵਲਾ ਦੇ ਹੱਕ ਵਿੱਚ ਪ੍ਰਚਾਰ ਕਰਨ ਆਏ ਸਨ ਅਤੇ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮੋਹਲਾਂ ਵਿੱਚ ਉਨ੍ਹਾਂ ਦਾ ਹੈਲੀਕਾਪਟਰ ਨੂੰ ਉਤਾਰਨ ਲਈ ਬਣਾਏ ਹੈਲੀਪੈਡ ਵਿਖੇ ਕਾਂਗਰਸੀ ਆਗੂ ਅਤੇ ਮੰਤਰੀ ਵੀ ਆਏ ਹੋਏ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਦੋਂ ਗੱਡੀ ਵਿਚ ਸਵਾਰ ਹੋ ਕੇ ਜਾਣ ਲੱਗੇ ਤਾਂ ਇਸ ਕਾਫ਼ਲੇ ਦੀ ਗੱਡੀ ਵਿੱਚ ਖੇਡ ਮੰਤਰੀ ਅਤੇ ਹਲਕਾ ਗੁਰੂਹਰ ਸਹਾਏ ਦੇ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਬੈਠ ਗਏ। ਹੈਲੀਪੈਡ ਦੀ ਜਗ੍ਹਾ ਤੋਂ ਗੱਡੀ ਸੜਕ ਉੱਤੇ ਆਈ ਤਾਂ ਮੁੱਖ ਮੰਤਰੀ ਦੇ ਸੁਰੱਖਿਆ ਇੰਚਾਰਜ ਖੂਬੀ ਰਾਮ ਨੇ ਕਾਫ਼ਲੇ ਵਾਲੀ ਗੱਡੀ ਰੁਕਵਾਈ ਤੇ ਉਹ ਖ਼ੁਦ ਪਹਿਲਾਂ ਥੱਲੇ ਆਏ ਤੇ ਪਿਛਲੀ ਬਾਰੀ ਖੋਲ੍ਹ ਕੇ ਰਾਣਾ ਸੋਢੀ ਨੂੰ ਗੱਡੀ ਤੋਂ ਉਤਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਇਹ ਸਰਕਾਰੀ ਗੱਡੀ ਹੈ, ਤੁਸੀਂ ਇਸ ਦੇ ਵਿੱਚ ਨਹੀਂ ਬੈਠ ਸਕਦੇ, ਨਾਲ ਜਾਣਾ ਹੈ ਤਾਂ ਨਿਜੀ ਗੱਡੀ ਵਿੱਚ ਆਉ।

...ਬਾਕੀ ਪੰਨਾ 6 'ਤੇ

# ਓਨਟਾਰੀਓ ਪਬਲਿਕ ਹਾਈ ਸਕੂਲ ਅਧਿਆਪਕ ਜਾ ਸਕਦੇ ਹਨ ਹੜਤਾਲ 'ਤੇ



ਟੋਰਾਂਟੋ, 16 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪਬਲਿਕ ਹਾਈ ਸਕੂਲ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਉਹ ਇਸ ਮਹੀਨੇ ਹੜਤਾਲ ਕਰਨ ਦਾ ਮਨ ਬਣਾ ਰਹੀ ਹੈ। ਯੂਨੀਅਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਹੈ ਕਿ ਸਰਕਾਰ ਉਨ੍ਹਾਂ ਦੇ ਅਹਿਮ ਮੁੱਦੇ ਵਿਚਾਰਨ ਲਈ ਤਿਆਰ ਹੈ।

ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਟੀਐਫ) ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਉਨ੍ਹਾਂ ਕੋਲ ਹੁਣ ਹੜਤਾਲ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਯੂਨੀਅਨ ਨੇ ਇੱਕ ਹਫਤੇ ਪਹਿਲਾਂ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨਾਲ ਆਪਣੇ ਮੁੱਦਿਆਂ ਨੂੰ ਲੈ ਕੇ ਗੱਲਬਾਤ ਸ਼ੁਰੂ ਕੀਤੀ ਸੀ। ਓਐਸਐਸਟੀਐਫ ਦੇ ਪ੍ਰੈਜ਼ੀਡੈਂਟ ਹਾਰਵੀ ਬਿਸ਼ੌਫ ਦਾ ਕਹਿਣਾ ਹੈ ਕਿ ਉਹ ਸਾਡੇ ਅਹਿਮ ਮੁੱਦੇ ਵਿਚਾਰਨ ਦੇ ਹੱਕ ਵਿੱਚ ਵੀ ਨਹੀਂ ਹਨ। ਗੱਲਬਾਤ ਦੇ ਪੰਜ ਦਿਨਾਂ ਤੱਕ ਵੀ ਕੋਈ ਅਰਥਭਰਪੂਰ ਨਤੀਜਾ ਸਾਹਮਣੇ ਨਹੀਂ ਆਇਆ ਹੈ।

ਹਾਲਾਂਕਿ ਮੈਂਬਰਾਂ ਨੇ ਅਜੇ ਇਹ ਫੈਸਲਾ ਕਰਨਾ ਹੈ ਕਿ 15 ਨਵੰਬਰ ਤੱਕ ਹੜਤਾਲ ਦਾ ਸੱਦਾ ਦਿੱਤਾ ਜਾਵੇ ਜਾਂ ਨਹੀਂ। ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਅਧਿਆਪਕ ਆਟੋਮੈਟਿਕਲੀ ਹੜਤਾਲ ਉੱਤੇ ਚਲੇ ਜਾਣਗੇ। ਯੂਨੀਅਨ ਦਾ ਕਹਿਣਾ ਹੈ ਕਿ ਉਹ ਸਰਕਾਰ ਨਾਲ ਗੱਲਬਾਤ ਜਾਰੀ ਰੱਖੇਗੀ। ਓਐਸਐਸਟੀਐਫ 60000 ਪਬਲਿਕ ਹਾਈ ਸਕੂਲ ਅਧਿਆਪਕਾਂ, ਓਕੇਸ਼ਨਲ ਟੀਚਰਜ਼, ਐਜੁਕੇਸ਼ਨ ਅਸਿਸਟੈਂਟਸ, ਅਰਲੀ ਚਾਈਲਡਹੁੱਡ ਐਜੁਕੇਟਰਜ਼, ਸੋਸ਼ਲ ਵਰਕਰਜ਼ ਤੇ ਯੂਨੀਵਰਸਿਟੀ ਸਪੋਰਟ ਸਟਾਫ ਦੀ ਨੁਮਾਇੰਦਗੀ ਕਰਦੀ ਹੈ।

# ਮਿਸੀਸਾਗਾ ਵਿੱਚ ਗੱਡੀ ਤੇ ਟਰੱਕ ਵਿਚਾਲੇ ਹੋਈ ਟੱਕਰ ਵਿੱਚ ਦੋ ਹਲਾਕ



ਮਿਸੀਸਾਗਾ, 16 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਗੱਡੀ ਤੇ ਟਰਾਂਸਪੋਰਟ ਟਰੱਕ ਦਰਮਿਆਨ ਹੋਈ ਟੱਕਰ ਵਿੱਚ ਇੱਕ ਪੁਰਸ਼ ਤੇ ਮਹਿਲਾ ਦੀ ਮੌਤ ਹੋ ਗਈ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਤੜ੍ਹਕੇ 5:20 ਉੱਤੇ ਹੁਰੌਨਤੋਰੀਓ ਸਟਰੀਟ ਤੇ ਮੈਥੇਸਨ ਬੋਲੀਵੀਆਰਡ ਇਲਾਕੇ ਵਿੱਚ ਸੱਦਿਆ ਗਿਆ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਉਸ ਪੁਰਸ਼ ਤੇ ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਹ ਹਾਦਸਾ ਕਿਸ ਤਰ੍ਹਾਂ ਹੋਇਆ ਅਜੇ ਤੱਕ ਇਹ ਪਤਾ ਨਹੀਂ ਚੱਲ ਸਕਿਆ ਹੈ। ਹੁਰੌਨਤੋਰੀਓ ਸਟਰੀਟ ਨੂੰ ਮੈਥਸਨ ਬੋਲੀਵੀਆਰਡ ਤੋਂ ਉੱਤਰ ਤੇ ਦੱਖਣ ਵਾਲੇ ਪਾਸੇ ਤੋਂ ਬੰਦ ਕਰ ਦਿੱਤਾ ਗਿਆ ਹੈ। ਮੇਥਸਨ ਬੋਲੀਵੀਆਰਡ ਨੂੰ ਹੁਰੌਨਤੋਰੀਓ ਸਟਰੀਟ ਤੋਂ ਪੂਰਬ ਤੇ ਪੱਛਮ ਵੱਲ ਬੰਦ ਕਰ ਦਿੱਤਾ ਗਿਆ ਹੈ।

# ਸਪੀਕਰ ਦੇ ਐਲਾਨ ਨਾਲ ਟਰੰਪ ਦਾ ਖਹਿੜਾ ਛੁੱਟਣ ਦੇ ਹਾਲਾਤ ਬਣੇ

* ਮਹਾਦੋਸ਼ ਦੀ ਜਾਂਚ ਉੱਤੇ ਵੋਟਿੰਗ ਨਹੀਂ ਹੋਵੇਗੀ



ਵਾਸ਼ਿੰਗਟਨ, 16 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਸਪੀਕਰ ਨੈਨਸੀ ਪੈਲੋਸੀ ਨੇ ਅੱਜ ਬੁੱਧਵਾਰ ਨੂੰ ਐਲਾਨ ਕੀਤਾ ਹੈ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਦੋਸ਼ ਚਲਾਉਣ ਦੀ ਜਾਂਚ ਨੂੰ ਅਧਿਕਾਰਤ ਕਰਨ ਲਈ ਵੋਟਿੰਗ ਨਹੀਂ ਕਰਾਏਗੀ। ਉਨ੍ਹਾਂ ਨੇ ਵਿਰੋਧੀ ਧਿਰ ਵੱਲੋਂ ਬਹੁ-ਮਤ ਵਾਲੇ ਡੈਮੋਕ੍ਰੈਟਿਕ ਪਾਰਲੀਮੈਂਟ ਮੈਂਬਰਾਂ ਨਾਲ ਇਸ ਮਾਮਲੇ ਉੱਤੇਵਿਚਾਰ ਦੇ ਬਾਅਦ ਇਹ ਐਲਾਨ ਕੀਤਾ ਹੈ।

ਇਕ ਸਮਾਚਾਰ ਏਜੰਸੀ ਦੀ ਖਬਰ ਮੁਤਾਬਕ ਵ੍ਹਾਈਟ ਹਾਊਸ ਅਤੇ ਰੀਪਬਲਿਕਨ ਪਾਰਲੀਮੈਂਟ ਮੈਂਬਰਾਂ ਦੇ ਵਧਦੇ ਦਬਾਅ ਹੇਠ ਨੈਨਸੀ ਪੇਲੋਸੀ ਨੇ ਇਹ ਫੈਸਲਾ ਲਿਆ ਹੈ। ਵ੍ਹਾਈਟ ਹਾਊਸ ਅਤੇ ਡੋਨਾਲਡ ਟਰੰਪ ਦੀ ਰੀਪਬਲਿਕਨ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਹੈ ਕਿ ਮਹਾਦੋਸ਼ ਚਲਾਉਣ ਲਈ ਚੱਲਦੀ ਜਾਂਚ ਗੈਰ ਕਾਨੂੰਨੀ ਹੈ, ਕਿਉਂਕਿ ਜਾਂਚ ਸ਼ੁਰੂ ਕਰਨ ਦੇ ਮਾਮਲੇ ਉੱਤੇ ਸਦਨ ਵਿਚ ਰਸਮੀ ਤੌਰ ਉੱਤੇ ਵੋਟਿੰਗ ਨਹੀਂ ਕਰਵਾਈ ਗਈ।

...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING 647-784-1213

## ANDREW SCHEER'S CONSERVATIVE PLAN FOR CANADA
## ਐਂਡਰੀਊ ਸ਼ੀਅਰ ਦੀ ਕੈਨੇਡਾ ਵਾਸਤੇ ਯੋਜਨਾ

- KEEPS OUR COMMUNITIES SAFE AND PUTS OUR COUNTRY ON THE RIGHT TRACK SO WE CAN FOCUS ON OUR FAMILIES.
ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਸਾਡੇ ਦੇਸ ਨੂੰ ਸਹੀ ਰਸਤੇ 'ਤੇ ਕਰਨਾ ਤਾਂ ਜੋ ਅਸੀ ਆਪਣੇ ਪਰਿਵਾਰਾਂ ਵੱਲੋਂ ਧਿਆਨ ਕੇਂਦਰਿਤ ਕਰ ਸਕੀਏ।
- HELPS ESTABLISH A FAIR, COMPASSIONATE, AND ORDERLY IMMIGRATION SYSTEM THAT PROPERLY SERVES FAMILIES.
ਪਰਿਵਾਰਾਂ ਦੀ ਢੁੱਕਵੀ ਸੇਵਾ ਲਈ ਨਿਰਪੱਖ, ਹਮਦਰਦ ਅਤੇ ਵਿਵਸਥਿਤ ਇਮੀਗਰੇਸ਼ਨ ਪਰਣਾਲੀ ਸਥਾਪਿਤ ਕਰਨ ਵਿੱਚ ਸਹਾਇਤਾ ਕਰਨਾ।
- GIVES OUR POLICE THE EQUIPMENT AND FUNDING THEY NEED TO KEEP OUR COMMUNITIES SAFE AND TO KEEP DRUGS OFF OUR STREETS.
ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਤੇ ਨਸ਼ੇ ਗਲੀਆਂ ਤੋਂ ਦੂਰ ਰੱਖਣ ਲਈ ਪੁਲਿਸ ਨੂੰ ਲੋੜੀਂਦਾ ਸਾਜੋ-ਸਾਮਾਨ ਅਤੇ ਫੰਡ ਦੇਣਾ।
- PUTS MONEY BACK IN YOUR POCKET, WHICH IS EXACTLY WHAT FAMILIES NEED.
ਪੈਸੇ ਵਾਪਿਸ ਤੁਹਾਡੀ ਜੇਬ ਵਿੱਚ ਪਾਉਣੇ ਜੋ ਬਿਨਾਸ਼ੱਕ ਪਰਿਵਾਰਾਂ ਨੂੰ ਚਾਹੀਦੇ ਹਨ।
- AND PROMOTES RELIGIOUS FREEDOM WHILE STRENGTHENING OUR RELATIONSHIP WITH THE SIKH COMMUNITY ACROSS THE GLOBE.
ਅਤੇ ਸੰਸਾਰ ਭਰ ਵਿੱਚ ਸਿੱਖ ਕੌਮ ਨਾਲ ਸਾਡਾ ਰਿਸ਼ਤਾ ਮਜ਼ਬੂਤ ਕਰਦੇ ਹੋਏ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ।

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF THE CONSERVATIVE PARTY OF CANADA



CONSERVATIVE
@CPCPCC
CONSERVATIVE.CA
ANDREWSCHEER.CA



RE-ELECT

Liberal

# SONIA SIDHU
BRAMPTON SOUTH

ਹਰ ਵਰਗ ਨੂੰ ਮੁੱਖ ਰੱਖਦੇ ਹੋਏ ਲਿਬਰਲ ਪਾਰਟੀ ਵੱਲੋਂ ਨਵਾਂ ਪਲੈਟਫਾਰਮ ਜਾਰੀ ਕੀਤਾ ਗਿਆ ਹੈ, ਤਾਂ ਕਿ ਹਰ ਕਿਸੇ ਕੋਲ ਵਧੀਆ ਭਵਿੱਖ ਅਤੇ ਸਹੂਲਤਾਂ ਹੋਣ।

- ਕਾਲਜ/ਯੂਨੀਵਰਸਿਟੀ ਜਾਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਲਈ ਸਸਤੀ ਪੜ੍ਹਾਈ
- ਸਸਤੀਆਂ ਦਵਾਈਆਂ ਲਈ ਯੂਨੀਵਰਸਲ ਫਾਰਮਾਕੇਅਰ
- ਮਿਡਲ ਕਲਾਸ ਲਈ ਟੈਕਸ ਘਟਾਉਣੇ
- ਸੈੱਲ ਫੋਨ ਦੇ ਬਿੱਲ 25% ਘਟਾਉਣੇ
- ਸੀਨੀਅਰਜ਼ ਦੀ ਪੈਨਸ਼ਨ 'ਚ ਹੋਰ ਵਾਧਾ

ਕਿਉਂਕਿ ਲਿਬਰਲ ਪਾਰਟੀ ਕੈਨੇਡੀਅਨਜ਼ 'ਚ ਇੰਨਵੈਸਟ ਕਰਨ 'ਚ ਵਿਸ਼ਵਾਸ ਕਰਦੀ ਹੈ,
ਕੱਟ ਲਗਾਉਣ ਅਤੇ ਝੂਠੇ ਵਾਅਦਿਆਂ 'ਚ ਨਹੀਂ।
21 ਅਕਤੂਬਰ ਨੂੰ, ਬ੍ਰੈਂਪਟਨ ਦੇ ਵਧੀਆ ਭਵਿੱਖ ਲਈ ਲਿਬਰਲ ਪਾਰਟੀ ਨੂੰ ਵੋਟ ਪਾਓ!



CHOOSE FORWARD

(289) 498-0180
info@sonialiberal.ca
205 County Court Blvd.
/soniasidhuliberal
@SoniaSidhu
@soniaLiberal
sonialiberal.ca

Authorized by the Official Agent for Sonia Sidhu.

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at: 218 Kingknoll Dr., Brampton, ON L6Y 4X4

## ਅੱਜ ਨਾਮਾ

ਅਕਾਲੀ-ਭਾਜਪਾ ਦੀ ਸੁਣਿਆ ਸਾਂਝ ਪੱਕੀ,
ਪਰ ਇਹ ਸਾਂਝ ਅੰਬਾਲੇ ਤੋਂ ਉਰੇ ਮਿੱਤਰ।
ਫਗਵਾੜੇ-ਦਾਖੇ ਤਾਂ ਹੁੰਦੀ ਇਹ ਸਾਂਝ ਪੱਕੀ,
ਪਾ ਗਲਵਕੜੀਆਂ ਜਾਣ ਇਹ ਤੁਰੇ ਮਿੱਤਰ।
ਬੈਰੀਅਰ ਜਦੋਂ ਇਹ ਸ਼ੰਭੂ ਦਾ ਲੰਘਦੇ ਈ,
ਹੋ ਜਾਣ ਸਾਂਝ ਦੇ ਜਾਮ ਸਭ ਧੁਰੇ ਮਿੱਤਰ।
ਰਹਿ ਜਾਣ ਮਿੱਤਰ ਅਕਾਲੀ ਨਾ ਭਾਜਪਾ ਦੇ,
ਭਾਜਪਾ ਵਾਸਤੇ ਜਾਪਣ ਇਹ ਬੁਰੇ ਮਿੱਤਰ।
ਅਗਲੀ ਚੋਣ ਤੱਕ ਰਹਿੰਦੜਾ ਵਕਤ ਵਾਹਵਾ,
ਓਦੋਂ ਤੀਕ ਕਈ ਆਉਣੇ ਹਨ ਮੋੜ ਮਿੱਤਰ।
ਨਿਭਦੀ ਯਾਰੀ ਨਹੀਂ ਯਾਰਾਂ ਦੇ ਵਾਂਗ ਲੱਗਦੀ,
ਤਿੜਕਦਾ ਸਾਫ ਹੈ ਜਾਪ ਰਿਹਾ ਜੋੜ ਮਿੱਤਰ।

**ਤੀਸ ਮਾਰ ਖਾਂ**

# ਬਰੈਂਪਟਨ ਸਾਊਥ ਵਿਚ ਸੋਨੀਆ ਸਿੱਧੂ ਦਾ ਪੱਲੜਾ ਭਾਰੀ, ਜਿੱਤ ਯਕੀਨੀ



ਬਰੈਂਪਟਨ, (ਡਾ. ਝੰਡ) -ਫ਼ੈੱਡਰਲ ਚੋਣਾਂ ਵਿਚ ਗਿਣਤੀ ਦੇ ਦਿਨ ਬਾਕੀ ਰਹਿ ਗਏ ਹਨ। ਹੁਣ ਤਾਂ ਹਫ਼ਤੇ ਤੋਂ ਵੀ ਥੋੜ੍ਹਾ ਸਮਾਂ ਰਹਿ ਗਿਆ ਹੈ, ਵੱਖ-ਵੱਖ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਹੋਣ ਵਿਚ। ਐਡਵਾਂਸ ਪੋਲ ਦੀਆਂ 11 ਤੋਂ 14 ਅਕਤੂਬਰ ਦੀਆਂ ਤਰੀਕਾਂ ਲੰਘ ਗਈਆਂ ਹਨ ਅਤੇ ਹੁਣ ਵੋਟ ਪਾਉਣ ਲਈ ਚੋਣਾਂ ਦੀ ਅਸਲੀ ਤਰੀਕ 21 ਅਕਤੂਬਰ ਹੀ ਬਾਕੀ ਬਚੀ ਹੈ। ਉਸ ਪੋਲਿੰਗ ਵਾਲੇ ਦਿਨ ਦੀ ਰਾਤ ਨੂੰ ਨੌਂ-ਦਸ ਵਜੇ ਇਸ ਚੋਣ ਦੇ ਨਤੀਜੇ ਸੱਭ ਦੇ ਸਾਹਮਣੇ ਹੋਣਗੇ। ਕਿਧਰੇ ਢੋਲ ਵੱਜਣਗੇ ਤੇ ਭੰਗੜੇ ਪੈਣਗੇ, ਅਤੇ ਕਈ ਮੂੰਹ ਲਟਕਾਅ ਕੇ ਵਾਪਸ ਘਰਾਂ ਨੂੰ ਆਉਣਗੇ। ਐਡਵਾਂਸ ਪੋਲ ਖ਼ਤਮ ਹੋ ਚੁੱਕੀ ਹੈ ਅਤੇ ਇਸ ਵਿਚ ਲੋਕਾਂ ਨੇ ਭਾਰੀ ਉਤਸ਼ਾਹ ਵਿਖਾਇਆ ਹੈ। ਇਕ ਅੰਦਾਜ਼ੇ ਅਨੁਸਾਰ ਇਸ ਵਾਰ 10% ਤੋਂ ਵਧੇਰੇ ਐਡਵਾਂਸ ਪੋਲਿੰਗ ਹੋਈ ਹੈ ਅਤੇ ਇਹ ਪਿਛਲੀ ਵਾਰੀ ਨਾਲੋਂ 25% ਵਧੇਰੇ ਹੈ।

ਜੇਕਰ ਬਰੈਂਪਟਨ ਸਾਊਥ ਰਾਈਡਿੰਗ ਦੀ ਗੱਲ ਕਰੀਏ ਤਾਂ ਇੱਥੇ ਪਿਛਲੇ ਚਾਰ ਸਾਲ ਤੋਂ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਦਾ ਪੱਲੜਾ ਨਾ ਕੇਵਲ ਭਾਰੀ ਲੱਗਦਾ ਹੈ, ਸਗੋਂ ਉਸ ਦੀ ਜਿੱਤ ਬਰੈਂਪਟਨ ਸਾਊਥ ਦੇ ਵਸਨੀਕਾਂ ਨੂੰ ਯਕੀਨੀ ਲੱਗਦੀ ਹੈ। ਇਸ ਦਾ ਕਾਰਨ ਹੈ ਕਿ ਸੋਨੀਆ ਨੇ ਆਪਣੀ ਪਿਛਲੀ ਟੱਰਮ ਵਿਚ ਅਣਥੱਕ ਮਿਹਨਤ ਕੀਤੀ ਹੈ। ਜਿੱਥੇ ਹਾਊਸ ਆਫ਼ ਕਾਮਜ਼ ਦੀ ਹੈੱਲਥ ਕਮੇਟੀ ਦੇ ਸਰਗ਼ਰਮ ਮੈਂਬਰ ਅਤੇ ਸਟੈਂਡਿੰਗ ਕਮੇਟੀ ਆਨ ਡਾਇਬੇਟੀਜ਼ ਦੇ ਚੇਅਰਪਰਸਨ ਹੋਣ ਦੇ ਨਾਤੇ ਉਸ ਨੇ ਇਨ੍ਹਾਂ ਕਮੇਟੀਆਂ ਵਿਚ ਸਰਗ਼ਰਮ ਹਿੱਸਾ ਲਿਆ ਹੈ, ਉੱਥੇ ਬਰੈਂਪਟਨ ਵਿਚ ਵੀ ਕਈ ਨਵੇਂ ਪ੍ਰਾਜੈੱਕਟ ਲਿਆਉਣ ਵਿਚ ਸਫ਼ਲ ਹੋਈ ਹੈ ਜਿਨ੍ਹਾਂ ਵਿਚ ਬਰੈਂਪਟਨ ਵਿਚ 7,400 ਨਵੀਆਂ ਨੌਕਰੀਆਂ ਲਿਆਉਣ, ਇਨਫ਼ਰਾ-ਸਟਰੱਕਚਰ ਨੂੰ ਮਜ਼ਬੂਤ ਕਰਨ, ਪ੍ਰਦੂਸ਼ਨ ਘੱਟ ਕਰਨ ਵੱਲ ਵੱਧਦਿਆਂ 22 ਇਲੈੱਕਟ੍ਰਿਕ ਬੱਸਾਂ ਦੀ ਖ਼੍ਰੀਦ, ਬਰੈਂਪਟਨ ਡਾਊਨ ਟਾਊਨ ਵਿਖੇ ਰਾਇਰਸਨ ਯੂਨੀਵਰਸਿਟੀ ਦਾ ਸਾਈਬਰ ਕਰਾਈਮ ਖੋਜ ਸੈਂਟਰ ਕਾਇਮ ਕਰਨ ਵਰਗੇ ਪ੍ਰਾਜੈੱਕਟ ਸ਼ਾਮਲ ਹਨ। ਇਸ ਤੋਂ ਇਲਾਵਾ ਕੈਨੇਡਾ ਦੀ ਨਵੀਂ ਫ਼ੂਡ ਗਾਈਡ ਤਿਆਰ ਕਰਨ ਵਿਚ ਵੀ ਉਸ ਨੇ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਕਾਰਨਾਂ ਕਰਕੇ ਐਡਵਾਂਸ ਪੋਲਿੰਗ ਵਿਚ ਵੋਟਰਾਂ ਦਾ ਸੋਨੀਆਂ ਦੇ ਪੱਖ ਵਿਚ ਭਾਰੀ ਝੁਕਾਅ ਰਿਹਾ ਹੈ ਅਤੇ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਇਹ ਵੀ ਉਸ ਦੀ ਜਿੱਤ ਨੂੰ ਯਕੀਨੀ ਬਣਾ ਰਿਹਾ ਲੱਗਦਾ ਹੈ।

ਆਪਣੇ ਖੁਸ਼ਦਿਲ ਅਤੇ ਮਿਲਵਰਤਣ ਵਾਲੇ ਸੁਭਾਅ ਸਦਕਾ ਸੋਨੀਆ ਹਰੇਕ ਵਿਅੱਕਤੀ ਦਾ ਦਿਲ ਜਿੱਤ ਲੈਂਦੀ ਹੈ। ਪਿਛਲੇ ਚਾਰ ਸਾਲਾਂ ਦੌਰਾਨ ਉਸ ਦੇ ਬਰੈਂਪਟਨ ਡਾਊਨ ਟਾਊਨ ਸਥਿਤ ਦਫ਼ਤਰ ਵਿਚ ਲੋਕਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਲੋਕ ਆਪਣੇ ਦੁੱਖ-ਤਕਲੀਫ਼ ਲੈ ਕੇ ਉਸ ਦੇ ਦਫ਼ਤਰ ਆਉਂਦੇ ਸਨ ਅਤੇ ਉਹ ਉਨ੍ਹਾਂ ਦੇ ਸਮਾਧਾਨ ਲਈ ਸਬੰਧਿਤ ਦਫ਼ਤਰ ਨੂੰ ਓਸੇ ਵੇਲੇ ਫੋਨ ਜਾਂ ਈ-ਮੇਲ ਕਰਦੇ ਸਨ ਅਤੇ ਓਧਰੋਂ ਆਏ ਜੁਆਬ ਬਾਰੇ ਉਨ੍ਹਾਂ ਨੂੰ ਫ਼ੋਨ ਜਾਂ ਈ-ਮੇਲ ਰਾਹੀਂ ਜਾਣਕਾਰੀ ਦਿੰਦੇ ਸਨ। ਸੋਨੀਆ ਦੇ ਕੰਮ ਕਰਨ ਦੇ ਇਸ ਢੰਗ ਤੋਂ ਲੋਕ ਕਾਫ਼ੀ ਪ੍ਰਭਾਵਿਤ ਹਨ ਅਤੇ ਉਹ ਉਸ ਨੂੰ ਪਾਰਲੀਮੈਂਟ ਮੈਂਬਰ ਦੇ ਤੌਰ 'ਤੇ ਆਪਣੇ ਨੁਮਾਇੰਦੇ ਵਜੋਂ ਦੋਬਾਰਾ ਭੇਜਣਾ ਚਾਹੁੰਦੇ ਹਨ। ਬਾਕੀ, ਇਸ ਦੇ ਬਾਰੇ ਪੂਰਾ ਪਤਾ ਤਾਂ 21 ਅਕਤੂਬਰ ਦੀ ਰਾਤ ਨੂੰ ਹੀ ਲੱਗੇਗਾ।

GNR ਹਰਬਲ ਤੇਲ 647-853-5800
globalnaturalremedies@yahoo.com
Ext. Use Only
Ask For: •Saffron Oil •Therapeutic Essential Oils •Herbal Teas
Pain-Care Joint Support $9.99
He-Oil For Men Only $19.99
Stress-Care Feel Relaxed $9.99
GLOBAL NATURAL REMEDIES

# ਇਕਬਾਲ ਕੈਸਰ ਵੱਲੋਂ ਕੀਤੇ ਕੰਮ ਦੀ ਸੀ.ਪੀ.ਬੀ.ਏ. ਵੱਲੋਂ ਸ਼ਲਾਘਾ





ਮਿਸੀਸਾਗਾ, 16 ਅਕਤੂਬਰ (ਪੋਸਟ ਬਿਊਰੋ)- ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਸ ਐਸੋਸੀਏਸ਼ਨ ਵਲੋਂ ਪਾਕਿਸਤਾਨ 'ਚ ਪੰਜਾਬੀ ਭਾਸ਼ਾ ਦੀ ਮੁੜ ਬਹਾਲੀ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਇਕਬਾਲ ਕੈਸਰ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ ਗਈ। ਸ਼੍ਰੀ ਇਕਬਾਲ ਮਾਹਲ ਨੇ ਇਕਬਾਲ ਕੈਸਰ ਦੀ ਜਾਣ ਪਹਿਚਾਣ ਕਰਵਾਉਂਦਿਆ ਦੱਸਿਆ ਕਿ ਜਿਥੇ ਇਨ੍ਹਾਂ ਨੇ ਪੰਜਾਬੀ ਭਾਸ਼ਾ ਲਈ ਕੰਮ ਕੀਤਾ ਹੈ, ਉਥੇ ਇਨ੍ਹਾਂ ਦੀ ਸਿੱਖਾਂ ਨੂੰ ਵੱਡੀ ਦੇਣ ਇਨ੍ਹਾਂ ਵਲੋਂ ਪਾਕਿਸਤਾਨ ਦੇ ਸਾਰੇ ਗੁਰਧਾਮਾਂ ਬਾਰੇ ਇਕ ਦਸਤਾਵੇਜ ਰੂਪੀ ਕਿਤਾਬ ਛਾਪ ਕੇ ਕੀਤਾ ਗਿਆ ਵੱਡਾ ਕੰਮ ਹੈ। ਇਕਬਾਲ ਕੈਸਰ ਨੇ ਕਿਤਾਬ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸ 'ਚ ਪਾਕਿਸਤਾਨ ਦੇ 175 ਦੇ ਕਰੀਬ ਗੁਰਧਾਮਾਂ ਦਾ ਸੰਖੇਪ ਅਤੇ ਤਸਵੀਰਾਂ ਛਾਪੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਗੁਰਧਾਮ ਬਹੁਤ ਖਸਤਾ ਹਾਲਤ 'ਚ ਸਨ। ਤਾਲਿਆਂ ਨੂੰ ਜੰਗਾਲ ਲੱਗ ਚੁੱਕਿਆ ਸੀ, ਇਮਾਰਤਾਂ ਢਹਿ-ਢੇਰੀ ਹੋ ਰਹੀਆਂ ਸਨ ਤੇ ਇਹ ਕਿਤਾਬ ਛਪਣ ਤੋਂ ਬਾਅਦ ਸਰਕਾਰਾਂ ਤੇ ਆਵਾਮ ਦਾ ਧਿਆਨ ਇਨ੍ਹਾਂ ਸਥਾਨਾਂ ਵੱਲ ਗਿਆ, ਜਿਨ੍ਹਾਂ ਦਾ ਵੱਡੇ ਪੱਧਰ 'ਤੇ ਸੁਧਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਥੇ ਕੈਲਗਰੀ ਤੋਂ ਹੀ ਇਕ ਸ਼ਖਸ ਪਾਕਿ-ਸਤਾਨ ਗਿਆ ਸੀ, ਜਿਸ ਨੇ ਗੁਰਧਾਮਾਂ ਦੀ ਯਾਤਰਾ ਕਰਨ ਦੀ ਇੱਛਾ ਜ਼ਾਹਿਰ ਕੀਤੀ ਤੇ ਉਨ੍ਹਾਂ ਨੂੰ ਘੁੰਮਾਉਂਦਿਆਂ ਹੀ ਮੇਰਾ ਮਨ ਬਣਿਆ ਕਿ ਮੈਂ ਇਨ੍ਹਾਂ ਸਾਰੇ ਗੁਰਧਾਮਾ ਦੀ ਸੰਖੇਪ ਲਿਖਾਂ। ਉਨ੍ਹਾਂ ਇਸ ਕੰਮ ਲਈ ਗੁਰਮੁਖੀ ਵੀ ਸਿੱਖੀ ਤੇ 7 ਸਾਲ ਕਸ਼ਮੀਰ ਦੇ ਬਾਰਡਰ ਤੋਂ ਲੈ ਕੇ ਕਰਾਚੀ ਤੱਕ ਦੇ ਸਾਰੇ ਗੁਰਧਾਮਾਂ ਦੇ ਰਿਕਾਰਡ ਲੱਭ ਕੇ ਉਨ੍ਹਾਂ ਬਾਰੇ ਲਿਖਿਆ। ਇਸ ਕਿਤਾਬ ਦੀਆਂ ਬਹੁਤ ਹੀ ਲਿਮਿਟਡ ਕਾਪੀਆਂ ਹਨ ਤੇ ਬਹੁਤ ਹੀ ਸੁੰਦਰ ਛਪਾਈ 'ਚ ਛਪੀ ਹੋਈ ਹੈ। ਇਸ ਦਾ ਨਾਮ ਹੈ 'ਪਾਕਿਸਤਾਨ ਅੰਦਰ ਇਤਿਹਾਸਕ ਗੁਰਦੁਆਰੇ' ਹੈ। ਕੈਨੇਡੀਅਨ ਪੰਜਾਬੀ ਪੋਸਟ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰ ਰੋਜ਼ ਇਕ ਗੁਰਦੁਆਰਾ ਸਾਹਿਬ ਦਾ ਸੰਖੇਪ ਤੇ ਤਸਵੀਰ ਛਾਪੀ ਜਾਵੇਗੀ, ਜਿਸ ਦੇ ਰਾਈਟ ਕੈਸਰ ਸਾਹਿਬ ਪਾਸੋਂ ਲੈ ਲਏ ਗਏ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you The Mortgage Centre
I direct mortgages Inc. 21 Roysun Rd, #6, Woodbridge, ON L4L 8R3 Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI) 416-454-3031 647-784-8240
CANADIAN GLASS AND WINDOW
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

# ਆਮ ਆਦਮੀ ਪਾਰਟੀ ਤੋਂ ਨਿਕਲਿਆ ਮਾਸਟਰ ਬਲਦੇਵ ਸਿੰਘ ਜੈਤੋ ਫਿਰ ਉਸੇ ਵਿੱਚ ਮੁੜਿਆ

## * ਬਾਗੀ ਹੋ ਕੇ ਪਾਰਲੀਮੈਂਟ ਚੋਣ ਵੀ ਲੜ ਚੁੱਕੈ ਬਲਦੇਵ ਸਿੰਘ



ਚੰਡੀਗੜ੍ਹ, 16 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਛੱਡ ਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਗਏ ਜੈਤੋ ਹਲਕੇ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਦੀਅੱਜ ਘਰ ਵਾਪਸੀ ਹੋ ਗਈ ਹੈ। ਸੋਸ਼ਲ ਮੀਡੀਆ ਉੱਤੇ ਉਨ੍ਹਾਂ ਨੇ ਖੁਦ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨਾਲ ਰੱਈਆ ਵਿੱਚ ਕਿਸੇ ਦੇ ਘਰ ਖਿੱਚੀ ਇਕ ਫੋਟੋ ਸਾਂਝੀ ਕਰ ਕੇ ਭਗਵੰਤ ਮਾਨ ਦੇ ਸੋਹਲੇ ਗਾਏ ਹਨ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਮਾਸਟਰ ਬਲਦੇਵ ਸਿੰਘ ਜੈਤੋ ਨੇ ਆਮ ਆਦਮੀ ਪਾਰਟੀ ਤੋਂ ਅਸਤੀਫਾ ਦਿੱਤਾ ਤੇ ਇਸ ਸਾਲ ਮਈ ਵਿੱਚ ਲੋਕ ਸਭਾ ਚੋਣਾਂ ਵਿੱਚ ਪੰਜਾਬ ਏਕਤਾ ਪਾਰਟੀ ਦੀ ਟਿਕਟ ਉੱਤੇ ਚੋਣ ਲੜ ਕੇ ਜ਼ਮਾਨਤ ਜ਼ਬਤ ਕਰਵਾਈ ਸੀ। ਅੱਜ ਉਨ੍ਹਾਂ ਦੀ ਆਮ ਆਦਮੀ ਪਾਰਟੀ ਵਿੱਚ ਵਾਪਸੀ ਬਾਰੇ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਵੀ ਮਾਸਟਰ ਬਲਦੇਵ ਸਿੰਘ ਨਾਲ ਫੋਟੋ ਸ਼ੇਅਰ ਕੀਤੀ ਅਤੇ ਲਿਖਿਆ ਹੈ ਕਿ ਮਾਸਟਰ ਬਲਦੇਵ ਸਿੰਘ ਫਿਰਪਾਰਟੀ ਦਾ ਹਿਸਾ ਬਣ ਰਹੇ ਹਨ। ਉਨ੍ਹਾਂ ਲਿਖਿਆ ਹੈ ਕਿ ਮਿਲ-ਬੈਠ ਕੇ ਨਰਾਜ਼ਗੀ ਦੂਰ ਕਰ ਲਈ ਗਈ ਹੈ।


ਪਿਛਲੇ ਸਾਲ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਕੇ ਹਰਪਾਲ ਸਿੰਘ ਚੀਮਾ ਨੂੰ ਨਿਯੁਕਤ ਕਰਨ ਵੇਲੇ ਆਮ ਆਦਮੀ ਪਾਰਟੀ ਦਾ ਵਿਧਾਇਕ ਦਲ ਦੋਫਾੜ ਹੋ ਗਿਆ ਸੀ। ਖਹਿਰਾ ਤੇ ਖਰੜ ਹਲਕੇ ਤੋਂ ਇਸ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਦੀ ਅਗਵਾਈ ਹੇਠ ਅੱਧੀ ਦਰਜਨ ਤੋਂ ਵੱਧ ਵਿਧਾਇਕ ਵੱਖ ਹੋ ਗਏ ਸਨ, ਜਿਨ੍ਹਾਂ ਵਿੱਚ ਮਾਸਟਰ ਬਲਦੇਵ ਸਿੰਘ ਵੀ ਸਨ। ਫਿਰ ਪੰਜਾਬ ਡੈਮੋਕ੍ਰੇਟਿਕ ਗਠਜੋੜ ਦੇ ਝੰਡੇ ਹੇਠ ਸੁਖਪਾਲ ਸਿੰਘ ਖਹਿਰਾ ਤੇ ਮਾਸਟਰ ਬਲਦੇਵ ਸਿੰਘ ਨੇ ਲੋਕ ਸਭਾ ਚੋਣਾਂ ਲੜ ਕੇ ਹਾਰੀਆਂ ਸਨ। ਆਮ ਆਦਮੀ ਪਾਰਟੀਨੇ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਲਈ ਵਿਧਾਨ ਸਭਾ ਦੇ ਸਪੀਕਰ ਨੂੰ ਸ਼ਿਕਾਇਤ ਕੀਤੀ ਸੀ।ਇਸ ਪਾਰਟੀ ਦੇ ਪੰਜਾਬ ਦੇ ਮੀਡੀਆ ਇੰਚਾਰਜ ਮਨਜੀਤ ਸਿੰਘ ਸਿੱਧੂ ਨੇ ਪੱਤਰਕਾਰਾਂ ਨੂੰਕਿਹਾ ਕਿ ਪਾਰਟੀ ਨੇ ਖਹਿਰਾ ਤੋਂ ਇਲਾਵਾ ਕਿਸੇ ਵੀ ਹੋਰ ਵਿਧਾਇਕ ਦੇ ਖਿਲਾਫ ਤੇ ਖ਼ਾਸ ਕਰ ਕੇ ਮਾਸਟਰ ਬਲਦੇਵ ਸਿੰਘ ਦੇ ਬਾਰੇ ਸ਼ਿਕਾਇਤ ਨਹੀਂ ਸੀ ਕੀਤੀ। ਮਾਸਟਰ ਬਲਦੇਵ ਸਿੰਘ ਮੁੜਆਏ ਹਨ। ਸਿੱਧੂ ਨੇਸੰਕੇਤ ਕੀਤਾ ਕਿ ਖਹਿਰਾਨਾਲ ਗਏ ਵਿਧਾਇਕ ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਤੇ ਜਗਤਾਰ ਸਿੰਘ ਜੱਗਾ ਨਾਲ ਗੱਲ ਚੱਲ ਰਹੀ ਹੈ। ਖਹਿਰਾ ਨਾਲ ਗਏ ਕੰਵਰ ਸੰਧੂ ਪਾਰਟੀ ਸਸਪੈਂਡ ਕਰ ਚੁੱਕੀ ਹੈ। ਆਮ ਆਦਮੀ ਪਾਰਟੀ ਕੁਝ ਮਹੀਨਿਆਂ ਬਾਅਦ ਹੋ ਰਹੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਬਾਰੇ ਪੰਜਾਬ ਵਿਚ ਸਰਗਰਮੀਆਂ ਤੇਜ਼ ਕਰਨ ਤੇ ਆਪਣੇ ਮੱਤਭੇਦ ਘਟਾਉਣ ਲੱਗੀ ਹੋਈ ਹੈ।

# ਅਯੋਧਿਆ ਕੇਸ ਦੀ ਸੁਣਵਾਈ ਦੌਰਾਨ ਮੁਸਲਿਮ ਧਿਰ ਦੇ ਵਕੀਲ ਨੇ ਨਕਸ਼ਾ ਪਾੜ ਸੁੱਟਿਆ

## * ਸੁਪਰੀਮ ਕੋਰਟ ਵਿੱਚ ਹੰਗਾਮੇ ਦੀ ਸਥਿਤੀ ਬਣੀ * ਸੁਣਵਾਈ ਮੁਕੰਮਲ, ਫੈਸਲਾ ਨਵੰਬਰ ਵਿੱਚ ਆਉਣ ਦੀ ਆਸ

ਨਵੀਂ ਦਿੱਲੀ, 16 ਅਕਤੂਬਰ, (ਪੋਸਟ ਬਿਊਰੋ)- ਅਯੋਧਿਆ ਕੇਸ ਦੀ ਅੱਜ ਆਖਰੀ ਸੁਣਵਾਈ ਦੌਰਾਨਸੁਪਰੀਮ ਕੋਰਟ ਵਿੱਚ ਜਬਰਦਸਤ ਹੰਗਾਮਾ ਤੇ ਡਰਾਮਾ ਦੇਖਣ ਨੂੰ ਮਿਲਿਆ। ਪੰਜ ਜੱਜਾਂ ਦੀ ਸੰਵਿਧਾਨ ਬੈਂਚ ਸਾਹਮਣੇ ਮੁਸਲਮਾਨ ਧਿਰ ਦੇ ਸੀਨੀਅਰ ਵਕੀਲ ਰਾਜੀਵ ਧਵਨ ਨੇ ਅਯੋਧਿਆ ਨਾਲ ਸਬੰਧਤ ਇੱਕ ਨਕਸ਼ਾ ਪਾੜ ਦਿੱਤਾ। ਹਿੰਦੂ ਧਿਰ ਦੇ ਵਕੀਲ ਵਿਕਾਸ ਸਿੰਘ ਨੇ ਇੱਕ ਕਿਤਾਬ ਦਾ ਜ਼ਿਕਰ ਕਰ ਕੇ ਨਕਸ਼ਾ ਵਿਖਾਇਆ ਸੀ, ਜਿਸ ਨੂੰ ਮੁਸਲਿਮ ਧਿਰ ਦੇ ਵਕੀਲ ਵੱਲੋਂ ਪਾੜਨ ਤੋਂ ਬਾਅਦ ਹਿੰਦੂ ਮਹਾਸਭਾ ਦੇ ਵਕੀਲ ਤੇ ਰਾਜੀਵ ਧਵਨ ਦੀ ਤਿੱਖੀ ਬਹਿਸ ਹੋ ਗਈ। ਇਸ ਤੋਂ ਨਰਾਜ਼ ਚੀਫ਼ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਜੇ ਇਹੋ ਕੁਝ ਚੱਲਦਾ ਰਿਹਾ ਤਾਂ ਜੱਜ ਉੱਠ ਕੇ ਚਲੇ ਜਾਣਗੇ।

ਅਸਲ ਵਿੱਚ ਹਿੰਦੂ ਮਹਾਸਭਾ ਦੇ ਵਕੀਲ ਵਿਕਾਸ ਸਿੰਘ ਨੇ ਕਿਹਾ ਸੀ ਕਿਅਸੀਂ 'ਅਯੋਧਿਆ ਰੀਵਿਜ਼ਿਟ' ਕਿਤਾਬ ਨੂੰ ਕੋਰਟ ਸਾਹਮਣੇ ਪੇਸ਼ ਕਰਨਾ ਚਾਹੁੰਦੇ ਹਾਂ, ਜਿਹੜੀ ਇੱਕ ਰਿਟਾਇਰਡ ਪੁਲਸ ਅਫਸਰ ਕਿਸ਼ੋਰ ਕੁਨਾਲਆਈਪੀਐਸ ਨੇ ਲਿਖੀ ਹੈ। ਇਸ ਵਿੱਚ ਰਾਮ ਮੰਦਿਰ ਦੇ ਪਹਿਲੇ ਇਤਿਹਾਸ ਬਾਰੇ ਦਰਜ ਹੈ। ਕਿਤਾਬ ਵਿੱਚ ਹੰਸ ਬੇਕਰ ਦਾ ਹਵਾਲਾ ਦੇ ਕੇ ਚੈਪਟਰ 24 ਵਿੱਚ ਲਿਖਿਆ ਹੈ ਕਿ ਜਨਮ ਸਥਾਨ ਦੇ ਇੱਕ ਕੋਨੇ ਵਿੱਚ ਰਸੋਈ ਅਤੇ ਦੱਖਣੀ ਭਾਗ ਵਿੱਚ ਖੂਹ ਹੁੰਦਾ ਸੀ।ਬੈਕਰ ਦੀ ਕਿਤਾਬ ਦੇ ਅਨੁਸਾਰ ਜਨਮ ਸਥਾਨ ਠੀਕ ਵਿਚਾਲੇ ਸੀ। ਵਿਕਾਸ ਨੇ ਓਸੇ ਕਿਤਾਬ ਦਾ ਨਕਸ਼ਾ ਕੋਰਟ ਵਿੱਚਪੇਸ਼ ਕੀਤਾ, ਜਿਸਨੂੰ ਰਾਜੀਵ ਧਵਨ ਨੇ ਪੰਜ ਟੁਕੜਿਆਂ ਵਿੱਚ ਪਾੜ ਦਿੱਤਾ। ਵਿਕਾਸ ਸਿੰਘ ਨੇ ਕਿਹਾ



ਕਿ ਮੈਂ ਪੂਰੀ ਇੱਜ਼ਤ ਨਾਲ ਕਹਿੰਦਾ ਹਾਂ ਕਿ ਅਦਾਲਤ ਦਾ ਡੈਕੋਰਮ ਮੈਂ ਖ਼ਰਾਬ ਨਹੀਂ ਕਰ ਰਿਹਾ। ਭਾਰਤ ਸਰਕਾਰ ਦਾ ਆਰਡੀਨੈਂਸ 1858 ਆਇਆ ਅਤੇ ਬੋਰਡ ਨੂੰ ਖਤਮ ਕਰ ਦਿੱਤਾ ਗਿਆ ਸੀ।ਨਕਸ਼ਾ ਪਾੜਨ ਦੀ ਇਸ ਘਟਨਾ ਪਿੱਛੋਂ ਕੋਰਟ ਵਿੱਚ ਵਕੀਲਾਂ ਵਿਚਾਲੇ ਤਿੱਖੀ ਬਹਿਸ ਹੋਣ ਲੱਗੀ ਤਾਂ ਚੀਫ ਜਸਟਿਸ ਸਮੇਤ ਸਾਰੇ ਜੱਜਾਂ ਨੇ ਨਰਾਜ਼ਗੀ ਪ੍ਰਗਟ ਕਰ ਕੇ ਕਿਹਾ ਕਿ ਜੇ ਬਹਿਸ ਇੰਜ ਚੱਲਣੀ ਹੈ ਤਾਂ ਉਹ ਉੱਠ ਕੇ ਚਲੇ ਜਾਣਗੇ। ਇਸਦੇ ਬਾਅਦ ਹਿੰਦੂ ਮਹਾਸਭਾ ਦੇ ਵਕੀਲ ਨੇ ਆਖਿਆ ਕਿ ਉਹ ਕੋਰਟ ਦੀ ਬਹੁਤ ਇੱਜਤ ਕਰਦੇ ਹਨ ਤੇ ਉਨ੍ਹਾਂ ਨੇ ਕੋਰਟ ਦੀ ਮਰਿਆਦਾ ਭੰਗ ਨਹੀਂ ਕੀਤੀ।

ਇਸ ਦੌਰਾਨ ਸੁਪਰੀਮ ਕੋਰਟ ਨੇ ਸਾਫ਼ ਕੀਤਾ ਕਿ ਅੱਜ ਹਰਹਾਲ ਵਿੱਚ 5 ਵਜੇ ਤੱਕ ਸੁਣਵਾਈ ਪੂਰੀ ਕਰ ਦਿੱਤੀ ਜਾਵੇਗੀ ਅਤੇ ਅੱਜ ਤੱਕ ਦੇ ਪੱਖਾਂ ਤੋਂ ਇਲਾਵਾ ਕਿਸੇ ਹੋਰ ਨੂੰ ਬੋਲਣ ਦੀ ਖੁੱਲ੍ਹਨਹੀਂ ਮਿਲੇਗੀ। ਪੰਜ ਮੈਂਬਰੀ ਸੰਵਿਧਾਨ ਬੈਂਚ ਦੀ ਪ੍ਰਧਾਨਗੀ ਕਰਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਬਹੁਤ ਹੋ ਚੁੱਕਾ। ਸੁਣਵਾਈ ਅੱਜ 16 ਅਕਤੂਬਰ ਨੂੰ ਹੀ ਖਤਮ ਹੋਵੇਗੀ। ਅਯੋਧਿਆ ਕੇਸ ਦੀ ਸੁਣਵਾਈ ਦਾ ਅੱਜ 40ਵਾਂ ਦਿਨ ਹੈ।

# ਸੰਤ ਦਾਦੂਵਾਲ ਵੱਲੋਂ ਗੁਰੂ ਨਾਨਕ ਲਾਇਬ੍ਰੇਰੀ ਮੁੱਦੇ ਤੋਂ ਸਰਕਾਰ ਨੂੰ ਸਿੱਧੀ ਚੁਣੌਤੀ

ਬਠਿੰਡਾ, 16 ਅਕਤੂਬਰ, (ਪੋਸਟ ਬਿਊਰੋ)- ਇਸਮਹਾਨਗਰ ਵਿਚਲੇ ਸਿਵਲ ਲਾਈਨ ਕਲੱਬ ਤੇ ਗੁਰੂ ਨਾਨਕ ਹਾਲ ਅਤੇ ਲਾਇਬ੍ਰੇਰੀਦਾ ਵਿਵਾਦ ਅੱਜ ਗੰਭੀਰ ਰੂਪ ਧਾਰਨ ਕਰਦਾ ਦਿਖਾਈ ਦਿੱਤਾ ਹੈ। ਇਸ ਵੇਲੇ ਕਲੱਬ ਉੱਤੇ ਆਪੋ ਆਪਣਾ ਹੱਕ ਜਤਾ ਰਹੀਆਂ ਦੋਵੇਂ ਧਿਰਾਂ ਆਹਮੋ-ਸਾਹ-ਮਣੇ ਹੋ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਿਵਲ ਲਾਈਨ ਕਲੱਬਉੱਤੇ ਧਾਰਾ 145 ਲਾਗੂ ਕਰ ਕੇ ਇਸ ਨੂੰ ਪੁਲਿਸ ਛਾਉਣੀ ਵਿੱਚਬਦਲ ਦਿੱਤਾ ਹੈ ਤੇ ਕਲੱਬ ਦੇ ਦੋਵੇਂ ਪਾਸੇ ਪੁਲਿਸ ਨੇ ਬੈਰੀਕੇਡ ਲਾ ਕੇ ਸਖਤ ਨਾਕਾਬੰਦੀ ਵੀ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਇਸ ਸੰਬੰਧ ਵਿੱਚ ਦੋਵਾਂ ਧਿਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਧਾਰਮਿਕ ਸਮਾਗਮ ਕਰਾਉਣ ਦਾ ਐਲਾਨ ਕਰ ਰੱਖਿਆ ਹੈ। ਸਿਵਲ ਲਾਈਨ ਕਲੱਬ ਤੇ ਗੁਰੂ ਨਾਨਕ ਲਾਇਬ੍ਰੇਰੀ ਦੇ ਪ੍ਰਧਾਨ ਜਗਜੀਤ ਸਿੰਘ ਦਾ ਗਰੁੱਪ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ 20 ਅਕਤੂਬਰ ਤੋਂ ਧਾਰਮਿਕ ਸਮਾਗਮ ਕਰਨ ਦੀ ਜ਼ਿਦ ਕਰ ਰਿਹਾ ਹੈ, ਪਰ ਦੂਸਰੇ ਗਰੁੱਪ ਦੇ ਪ੍ਰਧਾਨ ਰਾਜਨ ਗਰਗ ਅਤੇ ਹੋਰਨਾਂ ਨੇ ਵੀ ਧਾਰਮਿਕ ਸਮਾਗਮ ਦਾ ਐਲਾਨ ਕਰ ਰੱਖਿਆ ਹੈ। ਦੋਵੇਂ ਧਿਰਾਂ ਇਸ ਕਲੱਬ ਉੱਤੇਹੱਕ ਜਮਾ ਰਹੀਆਂ ਹਨ। ਇਸ ਮੁੱਦੇ ਬਾਰੇ ਅੱਜ ਲਾਇਬ੍ਰੇਰੀ ਦੇ ਪ੍ਰਧਾਨ ਜਗਜੀਤ ਸਿੰਘ ਧਾਲੀਵਾਲ, ਸਿਵਲ ਲਾਈਨ ਕਲੱਬ ਦੇ ਆਗੂ ਸ਼ਿਵਦੇਵ ਸਿੰਘ ਅਤੇ ਹੋਰ ਮੈਂਬਰ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਵੀ ਮਿਲੇ ਪ੍ਰੰਤੂ ਉਨ੍ਹਾਂ ਨੇ ਇਸ ਬਾਰੇ ਕਿਸੇ ਮਦਦਤੋਂਪਾਸਾ ਵੱਟ ਲਿਆ। ਇਸ ਪਿੱਛੋਂ ਪ੍ਰਸ਼ਾਸਨ ਨੇ ਕਲੱਬ ਉੱਤੇ 145 ਲਾ ਕੇ ਇਸ ਨੂੰ ਕਬਜ਼ੇ ਵਿੱਚ ਕਰ ਲਿਆ ਹੈ।

ਦੂਸਰੇ ਪਾਸੇ ਪ੍ਰੈੱਸ ਕਾਨਫਰੰਸ ਕਰ ਕੇ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਇਕ ਪਾਸੇ ਭਾਰਤ ਦੀ ਮੋਦੀ ਸਰਕਾਰ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿ-ਸਤਾਨ ਦੇ ਸਹਿਯੋਗ ਨਾਲ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਰਹੀ ਹੈ ਤੇ ਦੂਸਰੇ ਪਾਸੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਪ੍ਰਕਾਸ਼ ਪੁਰਬ ਮਨਾਉਣ ਉੱਤੇ ਪਾਬੰਦੀ ਲਵਾ ਰਹੇ ਹਨ, ਜਿਸ ਤੋਂ ਸਾਫ ਹੁੰਦਾ ਹੈ ਕਿ ਬਾਦਲ ਖਾਨਦਾਨ ਸਿੱਖ ਵਿਰੋਧੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੇ ਨੇਤੂ ਕਲੱਬ ਪ੍ਰਧਾਨ ਰਾਜਨ ਗਰਗ ਦੇ ਇਸ਼ਾਰੇ ਉੱਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਧਾਰਾ 145 ਲਾ ਕੇ ਇਹ ਸਾਬਤ ਕੀਤਾ ਹੈ ਕਿ ਖ਼ਜ਼ਾਨਾ ਮੰਤਰੀ ਗੁਰਪੁਰਬ ਮਨਾਉਣ ਦੇ ਹੱਕ ਵਿਚ ਨਹੀਂ। ਦਾਦੂਵਾਲ ਨੇ ਐਲਾਨ ਕੀਤਾ ਕਿ 20 ਅਕਤੂਬਰ ਨੂੰ ਇਸ ਕਲੱਬ ਵਿਖੇ ਹਰ ਹਾਲਤ ਵਿੱਚ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ, ਜੇ ਪ੍ਰਸ਼ਾਸਨ ਰੋਕ ਸਕਦਾ ਹੈ ਤਾਂ ਰੋਕ ਲਵੇ।

ਓਧਰ ਸਿਵਲ ਲਾਈਨ ਕਲੱਬ ਦੇ ਪ੍ਰਧਾਨ ਰਾਜਨ ਗਰਗ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਾਂ ਉਨ੍ਹਾਂ ਦਾ ਕੋਈ ਦਖਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕਲੱਬ ਤੇ ਲਾਇਬ੍ਰੇਰੀ ਦੇ ਸਿਰਫ਼ ਨੌਂ-ਦਸ ਮੈਂਬਰ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਗੁੰਮਰਾਹ ਕਰਦੇ ਹਨ, ਪਰ ਜ਼ਿਲ੍ਹਾ ਪ੍ਰਸ਼ਾਸਨ ਉੱਤੇ ਕਿਸੇ ਕਿਸਮ ਦਾ ਦਬਾਅ ਨਹੀਂ ਹੈ, ਉਨ੍ਹਾਂ ਨੇ ਕੋਈ ਧਾਰਮਿਕ ਦੰਗਾ ਹੋਣ ਦੇ ਡਰ ਕਾਰਨ ਧਾਰਾ 145 ਲਾਈ ਹੈ। ਡਿਪਟੀ ਕਮਿਸ਼ਨਰ ਬਠਿੰਡਾ ਬੀਸ੍ਰੀਨਿਵਾਸਨ ਦਾ ਕਹਿਣਾ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸਿਵਲ ਲਾਈਨ ਕਲੱਬ ਅਤੇ ਲਾਇਬ੍ਰੇਰੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਧਾਰਾ 145 ਲਾਗੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਐਸਡੀਐਮ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈਹੈ ਅਤੇ ਕਲੱਬ ਦਾ ਕੰਮ ਹਾਲ ਦੀ ਘੜੀ ਖੁਦ ਜ਼ਿਲ੍ਹਾ ਪ੍ਰਸ਼ਾਸ਼ਨ ਦੇਖੇਗਾ।

# ਕੇਜਰੀਵਾਲ ਦਾ ਨਵਾਂ ਕਦਮ: ਕਰਤਾਰਪੁਰ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਪੂਰਾ ਖਰਚਾ ਦਿੱਲੀ ਸਰਕਾਰ ਚੁੱਕੇਗੀ

ਨਵੀਂ ਦਿੱਲੀ, 16 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖਮੰਤਰੀ ਅਰਵਿੰਦ ਕੇਜਰੀਵਾਲ ਨੇ ਐਲਾਨ ਕਰ ਦਿੱਤਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਨਕ-ਾਣਾ ਸਾਹਿਬ ਜਾ ਰਹੇ ਦਿੱਲੀ ਦੇ ਸਿੱਖ ਸ਼ਰਧਾਲੂਆਂ ਦਾ ਸਾਰਾ ਪ੍ਰਬੰਧ ਦਿੱਲੀ ਸਰਕਾਰ ਕਰੇਗੀ ਅਤੇ ਦਿੱਲੀ ਤੋਂ ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਲਈ ਪੂਰਾ ਖਰਚਾਦਿੱਲੀ ਸਰਕਾਰ ਚੁੱਕੇਗੀ। ਇਸ ਮਾਮਲੇ ਵਿੱਚ ਕਰਤਾਰਪੁਰ ਜਾਣ ਲਈ ਆਨਲਾਈਨ ਅਪਲਾਈ ਕਰਨ ਦੀ 1600 ਰੁਪਏ ਫੀਸ ਵੀ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇਵੇਗੀ।



ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਦਿੱਲੀ ਸਰਕਾਰ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਸੰਗਤ ਕਰਤਾਰਪੁਰ ਦੇ ਦਰਸ਼ਨਾਂ ਲਈ ਜਾਵੇ। ਉਨ੍ਹਾਂ ਕਿਹਾ ਕਿ ਆਨਲਾਈਨ ਪ੍ਰਵਾਨਗੀ ਅਤੇ 1600 ਰੁਪਏ ਫੀਸ ਦੀ ਔਕੜ ਆ ਰਹੀ ਸੀ, ਪਰ ਇਹ ਜ਼ਿੰਮੇਵਾਰੀ ਦਿੱਲੀ ਸਰਕਾਰ ਨਿਭਾਵੇਗੀ ਤੇ ਇਸਤੋਂ ਇਲਾਵਾ ਕਰਤਾਰਪੁਰ ਸਾਹਿਬ ਜਾਣ ਲਈ ਬੱਸਾਂ ਤੇ ਰੇਲ ਸਫ਼ਰ ਦਾ ਪ੍ਰਬੰਧ ਵੀ ਦਿੱਲੀ ਸਰਕਾਰ ਕਰੇਗੀ। ਵਰਨਣ ਯੋਗ ਹੈ ਕਿ ਦਿੱਲੀ ਸਰਕਾਰ ਨੇ ਪ੍ਰਕਾਸ਼ ਪੁਰਬ ਪ੍ਰੋਗਰਾਮਾਂ ਲਈ 10 ਕਰੋੜ ਦਾ ਵੱਖਰਾ ਬਜਟ ਰੱਖਿਆ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਦੇ ਜੀਵਨ ਬਾਰੇ ਪ੍ਰਦਰਸ਼ਨੀ ਵੀ ਦਿੱਲੀ ਸਕੱਤਰੇਤ ਵਿੱਚ ਲਾਈ ਜਾਵੇਗੀ ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਕੀਰਤਨ ਦਰਬਾਰ ਕਰਾਇਆ ਜਾਏਗਾ। ਦਿੱਲੀ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆ ਸਬੰਧੀ ਇੱਕ ਕਿਤਾਬਚਾ ਵੀ ਜਾਰੀ ਕੀਤਾ ਗਿਆ ਹੈ।

# ਹਰਿਆਣਵੀ ਖਿਡਾਰੀਆਂ ਨੂੰ ਆਪਣੇ ਸਕੂਲ ਦਾ ਦੱਸ ਕੇ ਐਵਾਰਡ ਲੈਣ ਵਾਲੇ ਤਿੰਨ ਸਕੂਲ ਫਸੇ

ਜਲੰਧਰ, 16 ਅਕਤੂਬਰ (ਪੋਸਟ ਬਿਊਰੋ)- ਨਿੱਜੀ ਸਕੂਲਾਂ 'ਚ ਹੋਰਨਾਂ ਰਾਜਾਂ ਤੋਂ ਵਧੀਆ ਖਿਡਾਰੀ ਸਪਲਾਈ ਕਰਨ ਵਾਲੇ ਗੈਂਗ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਪੰਜਾਬ ਦੇ ਤਿੰਨ ਸਕੂਲਾਂ ਦੀ ਮਾਨਤਾ ਇਸੇ ਕਾਰਨ ਰੱਦ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਜੋ ਹਰਿਆਣਾ ਤੋਂ ਲਿਆਂਦੇ ਸਕੂਲੀ ਖਿਡਾਰੀਆਂ ਨੂੰ ਸਕੂਲੀ ਮੁਕਾਬਲੇ ਜਿੱਤ ਕੇ ਆਪਣੀ ਬਰਾਂਡਿੰਗ ਕਰ ਰਹੇ ਹਨ। ਪਹਿਲੀ ਨਜ਼ਰੇ ਇਸ ਮਾਮਲੇ 'ਤੇ ਛੇ ਵਿਦਿਆਰਥੀ ਪਕੜ 'ਚ ਆਏ ਹਨ, ਜੋ ਹਰਿਆਣਾ ਸੂਬੇ ਦੇ ਸਨ ਤੇ ਉਨ੍ਹਾਂ ਨੂੰ ਛੋਟੀ ਉਮਰ ਦਾ ਦਿਖਾ ਕੇ ਖੇਡਾਂ 'ਚ ਭੇਜਿਆ ਜਾ ਰਿਹਾ ਸੀ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਦਿਖਾਇਆ ਗਿਆ ਸੀ। ਜ਼ਿਲਾ ਮਾਨਸਾ ਅਤੇ ਸੰਗਰੂਰ ਦੇ ਤਿੰਨ ਅਜਿਹੇ ਨਿੱਜੀ ਸਕੂਲਾਂ ਦੀ ਐੱਨ ਓ ਸੀ ਰੱਦ ਕਰ ਦਿੱਤੀ ਗਈ ਹੈ। ਤਿੰਨ ਖੇਡ ਕੋਚਾਂ ਨੂੰ ਵੀ ਖੇਡ ਡਿਊਟੀ ਤੋਂ ਵਾਂਝਾ ਕਰ ਦਿੱਤਾ ਗਿਆ ਹੈ।

ਪੰਜਾਬ ਸਿਖਿਆ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਉਪਰੋਕਤ ਤਿੰਨ ਨਿੱਜੀ ਸਕੂਲਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਿਰੁੱਧ ਫੌਜਦਾਰੀ ਕੇਸ ਦਰਜ ਕਰਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇੱਕ ਹੋਰ ਮਾਮਲੇ ਵਿੱਚ ਰਾਸ਼ਟਰੀ ਖੇਡਾਂ ਵਿੱਚ ਸ਼ਾਮਲ ਹੋ ਚੁੱਕੇ ਇੱਕ ਵਿਦਿਆਰਥੀ ਦਾ ਮਾਮਲਾ ਵੀ ਆਇਆ ਹੈ। ਇਸ ਦੇ ਬਾਅਦ ਵਿਭਾਗ ਨੇ ਨਿੱਜੀ ਸਕੂਲਾਂ ਦੁਆਰਾ ਜ਼ੋਨਲ, ਜ਼ਿਲਾ ਸੂਬਾ ਪੱਧਰ 'ਤੇ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦਾ ਰਿਕ-ਾਰਡ ਫਰੋਲਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ 'ਚ ਸਕੂਲੀ ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਦੇ ਅਣਜਾਣ ਚਿਹਰਿਆਂ ਦਾ ਵਿਵਾਦ ਪੈਦਾ ਹੋਣ ਮਗਰੋਂ ਇੱਕ ਗੁਪਤ ਜਾਂਚ ਸ਼ੁਰੂ ਹੋਈ, ਜੋ ਅਧਿਕਾਰਤ ਜਾਂਚ ਵਿੱਚ ਬਦਲ ਗਈ। ਪੰਜਾਬ ਦੇ ਜ਼ਿਲਾ ਮਾਨਸਾ ਦੇ ਅਧੀਨ ਬੁਢਲਾਡਾ ਦੇ ਮਨੂ ਵਾਟਿਕਾ ਸਕੂਲ ਦੇ ਦੋ, ਝੁਨੀਰ ਦੇ ਪੰਜਾਬ ਕਾਨਵੈਂਟ ਸਕੂਲ ਦੇ ਦੋ ਅਤੇ ਸੰਗਰੂਰ ਦੇ ਮਾਡਰਨ ਸੈਕੂਲਰ ਸੀਨੀਅਰ ਸੈਕੰਡਰੀ ਸਕੂਲ ਦੇ ਤਿੰਨ ਵਿਦਿਆਰਥੀਆਂ ਦੀ ਜਾਂਚ ਸਿਖਿਆ ਵਿਭਾਗ ਨੇ ਡੀ ਪੀ ਆਈ ਹਰਿਆਣਾ ਤੋਂ ਕਰਵਾਈ ਤਾਂ ਪਤਾ ਲੱਗਾ ਕਿ ਪੰਜਾਬ ਦੇ ਜਿਨ੍ਹਾਂ ਤਿੰਨ ਸਕੂਲਾਂ 'ਚ ਉਕਤ ਸੱਤ ਵਿਦਿਆਰਥੀ ਨੌਵੀ ਤੇ ਦਸਵੀਂ ਜਮਾਤ ਵਿੱਚ ਦਾਖਲ ਕਰਵਾਏ ਗਏ ਹਨ, ਅਸਲ ਵਿੱਚ ਉਹ ਸਾਰੇ ਹਰਿਆਣੇ ਦੇ ਸਕੂਲਾਂ 'ਚ ਇਨ੍ਹਾਂ ਜਮਾਤਾਂ ਪਹਿਲਾਂ ਤੋਂ ਪਾਸ ਕਰ ਚੁੱਕੇ ਹਨ ਅਤੇ ਉਨ੍ਹਾਂ ਦੀ ਉਮਰ ਵੀ ਵੱਧ ਸੀ, ਪਰ ਫਰਜ਼ੀ ਉਮਰ ਸਰਟੀਫਿਕੇਟਾਂ ਵਿੱਚ ਉਮਰ ਘੱਟ ਲਿਖਾਈ ਗਈ ਸੀ। ਹਰਿਆਣਾ ਦੇ ਇਹ ਵਿਦਿਆਰਥੀ ਪੰਜਾਬ ਵਿੱਚ ਇਨ੍ਹਾਂ ਸਕੂਲਾਂ ਲਈ ਮੁਕਾਬਲੇ ਜਿੱਤ ਰਹੇ ਸਨ ਅਤੇ ਪੰਜਾਬ ਦੇ ਅਸਲ ਵਿਦਿਆਰਥੀ ਦੇ ਹੱਕ ਮਾਰ ਰਹੇ ਸਨ। ਇਸ ਦਾ ਮਕਸਦ ਉਕਤ ਸਕੂਲਾਂ ਵੱਲੋਂ ਆਪਣੀ ਪ੍ਰਸਿੱਧੀ ਹਾਸਲ ਕਰਨਾ ਸੀ।

ਹਰਿਆਣਾ ਤੋਂ ਰਿਪੋਰਟ ਪਿੱਛੋਂ ਸਿਖਿਆ ਵਿਭਾਗ ਨੇ ਤੇਜ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਿਖਿਆ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਬੁਢਲਾਡਾ ਨੇ ਮਨੂ ਵਾਟਿਕਾ ਸਕੂਲ ਅਤੇ ਝੁਨੀਰ ਦੇ ਪੰਜਾਬ ਕਾਨਵੈਂਟ ਸਕੂਲ ਦੀ ਮਾਨਤਾ ਸੀ ਬੀ ਐੱਸ ਈ ਦੇ ਨਾਲ ਹੈ, ਜਿਸ ਲਈ ਪੰਜਾਬ ਵਿੱਚੋਂ ਐਨ ਓ ਸੀ ਲੈਣਾ ਜ਼ਰੂਰੀ ਹੁੰਦਾ ਹੈ। ਪੰਜਾਬ ਦੇ ਦੋਵਾਂ ਸਕੂਲਾਂ ਦੀ ਐੱਨ ਓ ਸੀ ਰੱਦ ਕਰ ਦਿੱਤੀ ਗਈ ਅਤੇ ਸੀ ਬੀ ਐਸ ਈ ਨੂੰ ਕਾਰਵਾਈ ਕਰਨ ਲਈ ਲਿਖ ਦਿੱਤਾ ਗਿਆ ਹੈ। ਸੰਗਰੂਰ ਦੇ ਮਾਡਰਨ ਸੈਕੂਲਰ ਸੀਨੀਅਰ ਸੈਕੰਡਰੀ ਸਕੂਲ ਦੀ ਮਾਨਤਾ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਹੈ, ਜਿਸ ਨੂੰ ਰੱਦ ਕਰਨ ਲਈ ਨੋਟਿਸ ਜਾਰੀ ਕਰ ਦਿੱਤੀ ਗਿਆ ਹੈ।

ਸਿਖਿਆ ਵਿਭਾਗ ਨੇ ਇਨ੍ਹਾਂ ਸਕੂਲਾਂ ਦੇ ਖੇਡਾਂ ਬਾਰੇ ਕੋਚ (ਕਬੱਡੀ ਇੰਚਾਰਜ) ਗੁਰਦੀਪ ਸਿੰਘ, ਡੀ ਪੀ ਈ ਅਤੇ ਕਬੱਡੀ ਇੰਚਾਰਜ ਜਗਸੀਰ ਸਿੰਘ ਅਤੇ ਡੀ ਪੀ ਈ ਕਬੱਡੀ ਇੰਚਾਰਜ ਰਣਜੀਤ ਸਿੰਘ ਨੂੰ ਖੇਡਾਂ ਤੋਂ ਲਾਂਭੇ ਕਰ ਦਿੱਤਾ ਹੈ।

ਸੂਤਰਾਂ ਮੁਤਾਬਕ ਗੁਰਦਾਸਪੁਰ ਜ਼ਿਲੇ ਵਿੱਚ ਵੀ ਕੁਝ ਵਿਦਿਆਰਥੀਆਂ ਦੀ ਘੱਟ ਉਮਰ ਦੱਸ ਕੇ ਖੇਡਾਂ ਵਿੱਚ ਸ਼ਾਮਲ ਹੋਣ ਦਾ ਕੇਸ ਪਤਾ ਲੱਗਾ ਹੈ। ਏਦਾਂ ਹੀ ਕੁਝ ਜ਼ਿਲਿਆਂ 'ਚ ਖੇਡਾਂ ਰਾਹੀਂ, ਖੇਡਾਂ ਵਿੱਚੋਂ ਸਰਟੀਫਿਕੇਟ ਹਾਸਲ ਕਰ ਕੇ ਫਰਜ਼ੀ ਉਮਰ ਸਰਟੀਫਿਕੇਟ ਬਣਾ ਕੇ ਫਾਇਦਾ ਲੈਣ ਦੇ ਵੀ ਕਈ ਕੇਸ ਚਰਚਿਤ ਹਨ ਅਤੇ ਵਿਭਾਗ ਨੇ ਵਿਦਿਆਰਥੀ ਖਿਡਾਰੀਆਂ ਦੇ ਦਸਤਾਵੇਜ਼ ਫੋਲਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਵਿੱਚ ਅਜਿਹੇ ਗੈਂਗ ਸਰਗਰਮ ਹਨ, ਜੋ ਨਾ ਕੇਵਲ ਹੋਰਨਾਂ ਰਾਜਾਂ ਤੋਂ ਖਿਡਾਰੀ ਹਾਸਲ ਕਰਵਾ ਰਹੇ ਹਨ, ਸਗੋਂ ਉਨ੍ਹਾਂ ਦੇ ਨਿੱਜੀ ਸਕੂਲਾਂ ਵਿੱਚ ਜਮਾਤ ਪਾਸ ਕਰਾਉਣ ਦੀ ਗਾਰੰਟੀ ਲੈ ਕੇ ਅਸਲੀ ਵਿਦਿਆਰਥੀ ਦੀ ਥਾਂ 'ਤੇ ਹੋਰ ਕਾਬਲ ਵਿਦਿਆਰਥੀ ਬਿਠਾਉਣ ਦਾ ਧੰਦਾ ਵੀ ਕਰ ਰਹੇ ਹਨ।


Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

**MISSISSAUGA $975** — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana
iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਅੰਤਰਰਾਸ਼ਟਰੀ ਸਰਬ ਸਾਂਝਾ ਪੰਜਾਬੀ ਕਵੀ ਦਰਬਾਰ ਨੂੰ ਭਰਵਾਂ ਹੁੰਗਾਰਾ



ਟੋਰਾਂਟੋ-ਬੀਤੇ ਦਿਨੀਂ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਾਕਸ਼ ਦਿਵਸ ਨੂੰ ਸਮਰਪਿਤ 'ਅੰਤਰਰਾਸ਼ਟਰੀ ਸਰਬ ਸਾਂਝਾ ਪੰਜਾਬੀ ਕਵੀ ਦਰਬਾਰ' ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਮੀਡੀਆ ਕਾਨਫਰੰਸ ਬਰੈਂਪਟਨ ਦੇ 7956 ਟਾਰਬਰਮ ਰੋਡ ਸਥਿੱਤ ਰਾਮਗੜੀਆ ਭਵਨ ਵਿੱਚ ਕੀਤੀ ਗਈ। ਕਾਨਫਰੰਸ ਦੀ ਕਾਰਵਾਈ ਮੀਡੀਆ ਨੂੰ ਰਿਲੀਜ਼ ਕਰਦੇ ਹੋਏ ਮੀਡੀਆ ਕੋਆਰਡੀਨੇਟਰ ਡਾ ਹੀਰਾ ਰੰਧਾਵਾ ਨੇ ਦੱਸਿਆ ਕਿ 17 ਨਵੰਬਰ 2019 ਨੂੰ ਬਰੈਂਪਟਨ ਦੇ 340 ਵੋਡੇਨ ਸਟਰੀਟ ਈਸਟ ਸਥਿੱਤ ਸੈਂਚਰੀ ਗਾਰਡਨ ਰੀਕਰੇਸ਼ਨ ਸੈਂਟਰ ਦੇ ਹਾਲ ਨੰਬਰ 1 ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋ ਰਿਹਾ ਹੈ। ਸੰਸਥਾ ਦੇ ਪ੍ਰਧਾਨ ਡਾ ਪਰਗਟ ਸਿੰਘ ਬੱਗਾ ਨੇ ਬੋਲਦਿਆਂ ਕਿਹਾ ਕਿ ਦੁਨੀਆਂ ਭਰ ਵਿੱਚ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਹੋ ਰਹੇ ਯਤਨਾਂ ਵਜੋਂ ਕੀਤੇ ਜਾਣ ਵਾਲੇ ਇਸ ਕਵੀ ਦਰਬਾਰ ਵਿੱਚ ਕੈਨੇਡਾ ਸਮੇਤ ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ , ਪਾਕਿ-ਸਤਾਨ, ਭਾਰਤ, ਆਦਿ ਦੇਸ਼ਾਂ ਤੋਂ ਨਾਮਵਰ ਕਵੀ ਹਿੱਸਾ ਲੈਣ ਲਈ ਪਹੁੰਚ ਰਹੇ ਹਨ। ਉਹਨਾਂ ਦੱਸਿਆ ਕਿ ਇਸ ਕਵੀ ਦਰਬਾਰ ਸੰਬੰਧੀ ਰਸਮੀ ਸੱਦਾ-ਪੱਤਰ ਭੇਜਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਾਕਿਸਤਾਨ ਤੋਂ ਕਵੀਆਂ ਨਾਲ ਰਾਬਤਾ ਕਰਨ ਵਾਲੇ ਮਕਸੂਦ ਚੌਧਰੀ ਨੇ ਦੱਸਿਆ ਪਾਕਿਸਤਾਨ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੀਰ ਵਜੋਂ ਮੰਨਿਆ ਜਾਂਦਾ ਹੈ ਜਿਨਾਂ ਦੇ ਸਤਿਕਾਰ ਵਜੋਂ ਚੋਣਵੇਂ ਕਵੀ ਉਕਤ ਸਮਾਗਮ ਵਿੱਚ ਹਿੱਸਾ ਲੈ ਰਹੇ ਹਨ। ਜਨਰਲ ਸਕੱਤਰ ਹਰਦਿਆ ਝੀਤਾ ਨੇ ਕਿਹਾ ਕਿ ਸਮੁੱਚੇ ਭਾਈਚਾਰੇ ਵੱਲੋਂ ਇਸ ਕਾਰਜ ਲਈ ਬਹੁਤ ਬਹੁਤ ਵੱਡਾ ਹੁੰਗਾਰਾ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਕਵੀ ਦਰਬਾਰ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਵੱਖ ਵੱਖ ਸੰਸਥਾਵਾਂ ਨਾਲ ਜੁੜੇ, ਅਦੀਬਾਂ ਤੇ ਕਲਾਕਾਰਾਂ ਦੀਆਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿਨਾਂ ਦੇ ਸੁਝਾਵਾਂ ਉੱਤੇ ਵਿਚਾਰ ਕਰਕੇ ਹੀ ਪ੍ਰੋਗਰਾਮ ਉਲੀਕੇ ਗਏ ਹਨ। ਪਰਮਜੀਤ ਦਿਓਲ ਨੇ ਕਿਹਾ ਕਿ ਪੰਜਾਬ ਵਿੱਚ ਹੁੰਦੇ ਨਾਭਾ ਕਵਿਤਾ ਦਿਵਸ ਕਵੀ ਦਰਬਾਰ ਦੀ ਤਰਜ਼ ਤੇ ਸਾਡਾ ਸੁਪਨਾ ਸੀ ਕਿ ਟੋਰਾਂਟੋ ਖ਼ੇਤਰ ਵਿੱਚ ਇੱਕ ਕੌਮਾਂਤਰੀ ਪੱਧਰ ਦਾ ਕਵੀ ਦਰਬਾਰ ਕਰਵਾਇਆ ਜਾਵੇ ਜਿਹੜਾ ਗੁਰੂ ਨਾਨਕ ਦੇਵ ਹੋਰਾਂ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਸ ਕਵੀ ਦਰਬਾਰ ਰਾਹੀਂ ਪੂਰਾ ਹੋਣ ਜਾ ਰਿਹਾ ਹੈ। ਸੰਸਥਾ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਦੱਸਿਆ ਕਿ ਇਸ ਕਵੀ ਦਰਬਾਰ ਵਿੱਚ ਸਥਾਨਕ ਕਵੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਜਾਵੇਗਾ। ਉਹਨਾਂ ਕਿਹਾ ਕਿ ਕਵੀ ਦਰਬਾਰ ਮੌਕੇ ਗੁਰੂ ਨਾਨਕ ਦੇਵ ਜੀ ਅਤੇ ਪੰਜਾਬੀ ਦੇ ਨਾਮਵਰ ਕਵੀਆਂ ਦੇ ਸ਼ਬਦ-ਚਿੱਤਰਾਂ ਦੀ ਇੱਕ ਵਿਸ਼ਾਲ ਪ੍ਰਦਰਸ਼ਨੀ ਵੀ ਲਗਾਈ ਜਾ ਰਹੀ ਹੈ। ਸਮਾਗਮ ਲਈ ਵਿਸ਼ੇਸ਼ ਤੌਰ ਤੇ ਤਿਆਰ ਕਰਕੇ ਪੇਸ਼ ਕੀਤਾ ਜਾਣ ਵਾਲਾ ਸਭਿਆਚਾਰਿਕ ਪ੍ਰੋਗਰਾਮ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਹੋਵੇਗ। ਇਸ ਕਵੀ ਦਰਬਾਰ ਲਈ ਜੀ ਟੀ ਏ ਵਿੱਚ ਕੰਮ ਕਰਦੀਆਂ ਸਾਰੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਸਮੇਤ ਸਾਹਿਤ ਪ੍ਰੇਮੀਆਂ ਨੂੰ ਸੱਦਾ-ਪੱਤਰ ਭੇਜੇ ਗਏ ਹਨ। ਉਹਨਾਂ ਨੇ ਪ੍ਰਿੰਟ, ਇਲੈਕਟਰੋਨਿਕ, ਰੇਡੀਓ, ਟੀ ਵੀ, ਅਤੇ ਸ਼ੋਸ਼ਲ ਮੀਡੀਏ ਨਾਲ ਜੁੜੇ ਸਮੂਹ ਪੰਜਾਬੀ ਹਿਤੈਸ਼ੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਦੀ ਸਫ਼ਲਤਾ ਲਈ ਭਰਪੂਰ ਸਹਿਯੋਗ ਦੇਣ। ਇਸ ਕਾਨਫਰੰਸ ਵਿੱਚ ਹੋਰਾਂ ਤੋਂ ਇਲਾਵਾ ਸੁਰਿੰਦਰ ਪਾਮਾ, ਪੂਰਨ ਸਿੰਘ ਪਾਂਧੀ, ਮਨਜੀਤ ਸਿੰਘ ਭੱਚੂ, ਜਸਬੀਰ ਸਿੰਘ ਸੈਂਭੀ, ਨੇ ਵੀ ਆਪਣੇ ਵਿਚਾਰ ਰੱਖੇ। ਇਸ ਕਾਨਫਰੰਸ ਵਿੱਚ ਵੱਖ ਵੱਖ ਮੀਡੀਆ ਅਦਾਰਿਆਂ ਤੋਂ ਪੁੱਜੇ ਨੁਮਾਇੰਦਿਆਂ ਤੋਂ ਬਿਨਾ ਇਕਬਾਲ ਮਾਹਲ, ਸੁਖਿੰਵਦਰ ਸਿੰਘ ਸੰਧੂ , ਜਰਨੈਲ ਸਿੰਘ ਮਠਾਰੂ, ਸੁਰਿੰਦਰਜੀਤ ਕੌਰ, ਜਸਵਿੰਦਰ ਸਿੰਘ, ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਕਿਸੇ ਵੀ ਕਿਸਮ ਦੇ ਸੁਝਾਅ ਅਤੇ ਜਾਣਕਾਰੀ ਲਈ ਫੋਨ ਨੰਬਰ 416-305-9878 ''ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸ਼ਾਰਟਸ (ਨਿੱਕੇ ਨਾਟਕ ਵੱਡੀਆਂ ਗੱਲਾਂ) 10 ਨਵੰਬਰ ਨੂੰ

ਪੰਜਾਬੀ ਆਰਟਸ ਐਸੋਸਿਏਸ਼ਨ ਬਹੁਤ ਲੰਬੇ ਸਮੇ ਤੋ ਨਾਟਕ ਕਰਦੇ ਆ ਰਹੇ ਹਨ।ਜਿਨ੍ਹਾਂ ਵਿਚ ਧਾਰਮਿਕ ਇਤਹਾਸਕ ਤੇ ਇਥੋਂ ਦੇ ਮਸਲਿਆਂ ਤੇ ਅਧਾਰਿਤ ਸਨ।। ਜਿਨ੍ਹੇ ਨਾਟਕ ਹੁਣ ਤੱਕ ਖੇਡੇ ਗਏ ਉਂਨ੍ਹਾਂ ਵਿਚੋਂ "ਪਿੰਜਰੇ "ਆਤਿਸ","ਇਕ ਜੰਗ ਇਹ ਵੀ,"ਧੁਖਦੇ ਕਲੀਰੇ", "ਰੌਂਗ ਨੰਬਰ" "ਸਿਰਜਨਾ", "ਰਾਤ ਚਾਨਣੀ""''ਮਿਸਟਰ ਐਮ ਪੀ ਪੀ" "ਆਰ ਐਸ ਵੀ ਪੀ", "ਮੀ ਐਂਡ ਮਾਈ ਸਟੋਰੀ" "ਆਲ੍ਹਣਾ", ਕੰਧਾ ਰੇਤ ਦੀਆਂ ਵਰਨਣਯੋਗ ਹਨ। ਟੀਮ ਬਹੁਤ ਸਾਰੇ ਪ੍ਰਸਿਧ ਨਾਟਕ ਲੇਖਕਾਂ ਤੇ ਨਿਰਦੇਸ਼ਕਾਂ ਨਾਲ ਕੰਮ ਕਰ ਚੁਕੀ ਹੈ ਜਿਨ੍ਹਾਂ ਵਿਚੋਂ ਆਤਮਜੀਤ, ਪਾਲੀ ਭੁਪਿੰਦਰ, ਨਿਰਮਲ ਰਿਸ਼ੀ, ਹਰਦੀਪ ਗਿਲ ਵਰਨਣਯੋਗ ਹਨ। ਪੰਜਾਬੀ ਆਰਟਸ ਐਸੋਸਿਏਸ਼ਨ ਆਫ ਟੋਰਾਂਟੋ ਨਾਟਕਾਂ ਰਾਹੀ ਨਵੇ ਤਜ਼ਰਬੇ ਵੀ ਕਰਦੇ ਰਹਿੰਦੇ ਹਨ। ਇਸ ਵਾਰ ਟੀਮ ਪੰਜਾਬੀ ਸ਼ਾਰਟਸ (ਨਿਕੇ ਨਾਟਕ ਵੱਡੀਆਂ ਗੱਲਾਂ) ਰਾਹੀ ਤੁਹਾਡੇ ਸਾਹਮਣੇ ਪੇਸ਼ ਹੋ ਰਹੇ ਹਨ। ਇਸ ਲੜੀ ਵਿਚ ਤਿੰਨ ਨਾਟਕ ਪੇਸ਼ ਕੀਤੇ ਜਾਣਗੇ, ਪਹਿਲਾ ਨਾਟਕ "ਇਹ ਲਹੂ ਕਿਸਦਾ ਹੈ" ਜਿਹੜਾ ਗੁਰੁ ਨਾਨਕ ਦੇਵ ਜੀ ਦੇ 550ਵੇ ਜਨਮ ਦਿਨ ਨੂੰ ਸਮਰਪਤ ਹੋਵੇਗਾ ਤੇ ਉਸ ਸਮੇ ਦੀ ਗੱਲ ਕਰੇਗਾ, ਦੂਸਰਾ ਨਾਟਕ "ਨਾਟਕ ਨਹੀ" ਜੋ ਨਾ ਤੋ ਹੀ ਲਗਦਾ ਹੈ ਨਾਟਕ ਰਾਹੀ ਅਸਲੀ ਗੱਲ ਕਰੇਗਾ ਜੋ ਕਿ ਰਾਜਨੀਤਕ ਚੋਟ ਹੋਵੇਗੀ ਤੇ ਤੀਸਰਾ ਨਾਟਕ "ਟੈਕਸੀ 242" ਜੋ ਇਕ ਟੋਰਾਂਟੋ ਦੇ ਮਿਹਨਤੀ ਟੈਕਸੀ ਡਰਾਈਵਰ ਬਾਰੇ ਕਹੇਗਾ ਜਿਸ ਨੂੰ ਬਹੁਤ ਆਪਣੀ ਕਹਾਣੀ ਸਮਝਣਗੇ । ਸੋ ਪੰਜਾਬੀ ਆਰਟਸ ਐਸੋਸਿਏਸ਼ਨ ਬੜੇ ਹੀ ਮਾਣ ਨਾਲ ਪੰਜਾਬੀ ਸ਼ਾਰਟਸ (ਨਿਕੇ ਨਾਟਕ ਵੱਡੀਆਂ ਗੱਲਾਂ) 10 ਨਵੰਬਰ, 2019 ਸ਼ਾਮੀ 5:00 ਵਜੇ ਬਰਾਂਪਟਨ ਦੇ ਨਵੇ ਰੈਨੋਵੇਟ ਕੀਤੇ ਤੇ ਹੋਰ ਵੀ ਖੂਬਸੂਰਤ ਬਣੇ ਲਿਸਟਰ ਬੀ ਪੀਅਰਸਨ ਥੀਏਟਰ ਵਿਖ ਪੇਸ਼ ਕੀਤਾ ਜਾਵੇਗਾ। ਇਹਨਾਂ ਨਾਟਕਾਂ ਨੂੰ ਟੀਮ ਬੜੀ ਮਿਹਨਤ ਨਾਲ ਤਿਆਰ ਕਰ ਰਹੀ ਹੈ। ਇਹਨਾਂ ਨਾਟਕਾਂ ਵਿਚ ਸਰਬਜੀਤ ਅਰੋੜਾ,ਜਗਵਿੰਦਰ ਜੱਜ, ਹਰਭਜਨ ਫਲੋਰਾ, ਤਰਨਜੀਤ, ਨੀਤੂ, ਜਨਕ ਜੋਸ਼ੀ, ਹਰਮਿੰਦਰ ਗਰੇਵਾਲ, ਪਰਵਿੰਦਰ ਠੇਠੀ, ਰਮਨ, ਜਸਲੀਨ, ਮਨਦੀਪ ਵੜੈਚ, ਹਰਪ੍ਰੀਤ ਸੰਘਾ, ਪਰੀਤ ਸੰਘਾ, ਕਰਨਵੀਰ, ਗੁਰਵਿੰਦਰ ਢਿਲੋਂ, ਗੁਰਮੁੱਖ ਗਿਲ, ਮਨਦੀਪ ਸਿੰਘ, ਰਾਜੇਸ਼ ਪ੍ਰਭਾਕਰ, ਸੁਮੀਤ, ਗੁਰਚਰਨ ਸਿੰਘ, ਹਰਪ੍ਰੀਤ, ਆਰ ਜੇ, ਨਿਸ਼ਮਾ ਸੰਘਾ, ਅਨੂਰਾਧਾ, ਸੰਦੀਪ ਚਾਹਲ, ਤਨੀ, ਦਵਿੰਦਰ,ਸ਼ਰਨਜੋਤ, ਅਨੂਮੀਤ,ਪੂਨਮ, ਆਦਿ ਵੱਖਰੇ ਵੱਖਰੇ ਕਿਰਦਾਰ ਤੇ ਜਿਮੇਵਾਰੀਆਂ ਨਿਭ੍ਹਾ ਰਹੇ ਹਨ। ਸੋ ਟੋਰਾਂਟੋ ਏਰੀਏ ਦੇ ਸਾਰੇ ਨਾਟਕ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਆਪਣੇ ਸਮੁੱਚੇ ਪੀਵਾਰਾਂ ਨਾਲ ਹਮੇਸ਼ਾ ਦੀ ਤਰ੍ਹਾਂ ਹੌਸਲਾ ਇਫਜ਼ਾਈ ਲਈ ਪਹੁੰਚੋ। ਸੋ ਪੰਜਾਬੀ ਆਰਟਸ ਐਸੋਸਿਏਸ਼ਨ ਵਾਲੇ ਸਾਰਿਆਂ ਨੂੰ 10 ਨਵੰਬਰ, 2019 ਸ਼ਾਮੀ 5:00 ਰਾਖਵਾਂ ਰੱਖਣ ਦੀ ਅਪੀਲ ਕਰਦੇ ਹਨ। ਹੋਰ ਜਾਣਕਾਰੀ ਜਾਂ ਟਿਕਟਾਂ ਲਈ ਕੁਲਦੀਪ ਰੰਧਾਵਾ 416-892-6171 ਜਾਂ ਬਲਜਿੰਦਰ ਲੇਲਨਾ 416-677-1555 ਤੇ ਕਾਲ ਕੀਤੀ ਜਾ ਸਕਦੀ ਹੈ।

# ਇਟਲੀ ਦੇ ਸ਼ਹਿਰ ਬੈਰਗਾਮੋ ਵਿਚ ਮਨਾਇਆ ਗਿਆ ਕਾਂਸ਼ੀ ਰਾਮ ਜੀ ਦਾ ਜਨਮ ਦਿਨ



ਬੈਰਗਾਮੋ (ਇਟਲੀ)(ਪਰਮਜੀਤ ਦੁਸਾਂਝ) ਬਹੁਜਨ ਕ੍ਰਾਂਤੀ ਮੋਰਚਾ ਇਟਲੀ ਵਲੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ 31ਵਾ ਮਹਾ ਪ੍ਰੀਨਿਰਵਾਣ ਸੰਕਲਪ ਪਰਿਵਰਤਨ ਦਿਵਸ ਵਜੋਂ ਮਨਾਇਆ ਗਿਆ । ਇਸ ਮੌਕੇ ਸ਼੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ ਵਿਸ਼ੇ ਉਪਰ ਵਿਚਾਰ ਗੋਸ਼ਟੀ ਕੀਤੀ ਗਈ । ਜਿਸ ਵਿਚ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਅਤੇ ਵਿਚਾਰਧਾਰਾ ਉਪਰ ਇਟਲੀ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਹੋਏ ਬੁਲਾਰਿਆਂ ਨੇ ਆਪਣੇ-ਆਪਣੇ ਵਿਚਾਰ ਦਿੱਤੇ । ਇਟਲੀ ਦੀ ਬਹੁਜਨ ਕ੍ਰਾਂਤੀ ਮੋਰਚਾ ਇਕ ਸਮਾਜਿਕ ਪਰਿਵਰਤਨ ਬੌਧਿਕ ਗੈਰ ਰਾਜਨੀਤਕ ਜੜ੍ਹਾਂ ਨੂੰ ਮਜਬੂਤ ਕਰਨ ਵਾਲੀ ਸੰਸਥਾਂ ਹੈ । ਜੋ ਕਿ ਇਸ ਤਰਾਂ ਦੇ ਸਮਾਗਮਾਂ ਦੁਆਰਾ ਲਗਾਤਾਰ ਉਪਰਾਲੇ ਕਰਦੀ ਰਹਿੰਦੀ ਹੈ । ਇਸੇ ਲੜ੍ਹੀ ਤਹਿਤ ਸਾਹਿਬ ਸ਼੍ਰੀ ਕਾਂਸ਼ੀ ਰਾਮ ਦਾ ਜਨਮ ਦਿਨ ਵੀ ਮਨਾਇਆ ਗਿਆ । ਇਸ ਸਮੇਂ ਪ੍ਰੋਗਰਾਮ ਦੀ. ਸ਼ੁਰੂਆਤ ਅਮਿਤ ਕੁਮਾਰ ਅਤੇ ਬੱਚਿਆਂ ਵਲੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ ਬੋਲ ਕੇ ਕੀਤੀ ਗਈ

ਇਸ ਤੋਂ ਉਪਰੰਤ ਸੰਗਠਨ ਦੇ ਕਰਜਕਰਤਾਵਾਂ ਵੱਲੋਂ ਅਤੇ ਆਏ ਹੋਏ ਸਾਥੀਆਂ ਨੇ ਆਪਣੇ ਵਿਚਾਰ ਦਿਤੇ।ਇਸ ਸਮੇਂ ਬੁਲਾਇਆ ਨੇ ਬਲਦਿਆ ਹੋਇਆ ਕਿਹਾ ਕਿ ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਲਈ ਆਪਣੀ ਨੌਕਰੀ ਨੂੰ ਲੱਤ ਮਾਰ ਕੇ ਪਰਿਵਾਰ ਨੂੰ ਤਿਆਗ ਕੇ ਆਪਣੀ ਸਾਰੀ ਜ਼ਿੰਦਗੀ ਬਹੁਜਨ ਸਮਾਜ ਨੂੰ ਸਮਰਪਿਤ ਕਰ ਦਿਤੀ । ਭਾਰਤ ਵਿਚ ਬਾਬਾ ਸਹਿਬ ਅੰਬੇਡਕਰ ਜੀ ਦੇ ਜਾਣ ਮਗਰੋਂ ਜੋ ਸਮਾਜਿਕ ਅਤੇ ਰਾਜਨੀਤਿਕ ਅੰਦੋਲਨ ਦੀ ਰਫਤਾਰ ਠੰਡੀ ਪੈ ਗਈ ਸੀ ਉਸਨੂੰ ਕਾਂਸ਼ੀ ਰਾਮ ਜੀ ਨੇ ਤੇਜ ਹੀ ਨਹੀਂ ਕੀਤਾ ਸੰਗੋਂ, ਸਿਖਰਾਂ ਵੱਲ ਵੀ ਲੈ ਕੇ ਗਏ ।

ਸੰਗਠਨ ਵਲੋਂ ਇਸ ਮੌਕੇ ਬਹੁਜਨ ਰਹਿਬਰਾਂ ਨਾਲ ਸਬੰਧਿਤ ਸਹਿਤਕ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ । ਜਿਸ ਵਿਚੋਂ ਆਏ ਹੋਏ ਪੰਤਵੰਡੇ ਸੱਜਣ ਢੇਰਾਂ ਦੇ ਢੇਰ ਦਲਿਤ ਸਾਹਿਤ ਲੈ ਕੇ ਗਏ । ਜੋ ਕਿ ਇਹਨਾਂ ਦੇ ਬੌਧਿਕ ਤੱਲ ਨੂੰ ਉੱਚ ਚੁੱਕਣ ਅਤੇ ਰਾਜਨੀਤਿਕ ਸੂਝਬੂਝ ਨੂੰ ਹੋਰ ਵੀ ਤਿਖੇਰਾ ਕਰੇਗਾ । ਇਸ ਸਮੇਂ ਬੀਬੀ ਰਜਨੀਸ਼ ਕੁਮਾਰੀ ਨੇ ਵੀ ਆਏ ਹੋਏ ਸੱਜਣਾ ਨੂੰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਗੌਰਵਮਈ ਅਤੇ ਲਾਸਾਨੀ ਜੀਵਨ ਤੋਂ ਜਾਣੂ ਕਰਾਇਆ । ਵਿਰੋਨਾ ਤੋਂ ਆਏ ਹੋਏ ਸਾਥੀ ਸੁਦੇਸ਼ ਕੁਮਾਰ ਨੇ ਆਪਣੇ ਭਾਸ਼ਣ ਵਿਚ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ 15/85 ਵਾਲੇ ਫਾਰਮੂਲਾ ਨੂੰ ਸਮਝਾਉਂਦਿਆਂ ਹੋਇਆ ਆਪਣੇ ਸਮਾਜ ਨੂੰ ਦੋਸਤ ਅਤੇ ਦੁਸਮਣ ਗੈਰ ਬਾਬਰੀ ਦੀ ਵਿਵਸਥਾ ਸੰਬੰਧੀ ਸੁਚੇਤ ਕੀਤਾ । ਇਸ ਸਮੇਂ ਗੋਲਡੀ ਸੂਦ , ਸੁਰਿੰਦਰ ਕੁਮਾਰ ਨੇ ਵੀ ਆਪਣੇ ਵਿਚਾਰ ਦਿੰਦਿਆਂ ਕਿਹਾ ਕਿ ਕਾਂਸ਼ੀ ਰਾਮ ਜੀ ਦੇ ਸੰਘਰਸ਼ ਦੀ ਬਦੌਲਤ ਹੀ ਅੱਜ ਲੱਖਾਂ ਲੋਕ ਜਾਗਰੂਕ ਹੋ ਸਕੇ ਹਨ । ਉਨ੍ਹਾਂ ਨੇ ਬਹੁਜਨ ਸਮਾਜ ਦੇ ਪਰਿਵਰਤਨ ਦੀ ਗਤੀ ਨੂੰ ਦੁਗਣਾ ਕੀਤਾ ਅਤੇ ਤਦ ਹੀ ਅਸੀਂ ਅੱਜ ਸਵਿਮਾਣ ਦੇ ਨਾਲ ਰਹਿਣ ਲੱਗੇ ਹਾਂ ।

# Desi vs Diabetes ਸਮਾਗਮ ਭਲਕੇ

Desi vs Diabetes ਸਮਾਗਮ 18 ਅਕਤੂਬਰ, ਸਾਊਥ ਏਸ਼ੀਅਨ ਸਮਾਜਾਂ ਵਿੱਚ ਡਾਇਬਟੀਜ਼ ਦਾ ਮੁਕਾਬਲਾ ਕਰਨ ਲਈ ਸਟੋਰੀ ਟੈਲਿੰਗ ਦੀ ਵਰਤੋਂ ਕਰਦਾ ਹੈ ਕੈਨੇਡਾ ਦੇ ਸਭ ਤੋਂ ਵੱਡੇ ਗੁਰਦੁਆਰਿਆਂ ਵਿਚੋਂ ਇਕ, Peel ਖੇਤਰ ਵਿਚ ਸਾਊਥ ਏਸ਼ੀਅਨ ਸਮਾਜ ਨੂੰ ਪ੍ਰਭਾਵਤ ਕਰਨ ਵਾਲੇ ਸਿਹਤ ਦੇ ਇਕ ਵੱਡੇ ਮਸਲੇ ਨਾਲ ਨਜਿੱਠਣ ਲਈ ਇਕ ਫਿਲਮ ਦੀ ਸਕ੍ਰੀਨਿੰਗ ਅਤੇ ਸਮਾਜਿਕ ਵਾਰਤਾਲਾਪ ਦੀ ਮੇਜ਼ਬਾਨੀ ਕਰ ਰਿਹਾ ਹੈ: ਡਾਇਬਟੀਜ਼ ਦੀਆਂ ਉੱਚੀਆਂ ਅਤੇ ਵੱਧ ਰਹੀਆਂ ਦਰਾਂ।

ਸ਼ੁੱਕਰਵਾਰ, 18 ਅਕਤੂਬਰ, 2019 ਨੂੰ ਓਨਟਾਰੀਓ ਖਾਲਸਾ ਦਰਬਾਰ Ontario Khalsa Darbar (OKD) Mithaas ਨਾਮ ਦੀ ਇਕ ਰਾਸ਼ਟਰੀ ਸਿਹਤ ਮੁਹਿੰਮ ਦੇ ਹਿੱਸੇ ਵਜੋਂ Desi vs Diabetes ਪ੍ਰੋਗਰਾਮ ਦਾ ਆਯੋਜਨ ਕਰੇਗਾ, ਜਿਸ ਨਾਲ ਸਾਊਥ ਏਸ਼ੀਅਨ ਪਰਿਵਾਰਾਂ ਨੂੰ "ਮਿੱਠਾ ਜੀਓ, ਮਿੱਠਾ ਨਾ ਖਾਓ"ਲਈ ਉਤਸ਼ਾਹ ਮਿਲੇਗਾ।

Mithaas ਮੁਹਿੰਮ ਸਾਊਥ ਏਸ਼ੀਅਨ ਦਰਸ਼ਕਾਂ ਨੂੰ ਸ਼ਾਮਲ ਕਰਨ ਲਈ WhatsApp ਵਰਗੇ ਸਟੋਰੀ ਟੈਲਿੰਗ ਅਤੇ ਡਿਜੀਟਲ ਸਾਧਨਾਂ ਦੀ ਵਰਤੋਂ ਕਰਕੇ ਤੰਦਰੁਸਤ ਵਿਵਹਾਰਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਵਿਲੱਖਣ ਪਹੁੰਚ ਅਪਣਾਉਂਦੀ ਹੈ।

ਸ਼ੁੱਕਰਵਾਰ ਦੇ ਪ੍ਰੋਗਰਾਮ, Mithaas ਮੁਹਿੰਮ ਅਤੇ ਸਾਊਥ ਏਸ਼ੀਅਨ ਸਮਾਜਾਂ ਨੂੰ ਡਾਇਬਟੀਜ਼ ਦਾ ਮੁਕਾਬਲਾ ਕਰਨ ਅਤੇ ਸਿਹਤਮੰਦ ਜੀਵਨ ਲਈ ਬਿਹਤਰ ਰੁਝੇਵੇਂ ਦੀ ਮਹੱਤਤਾ ਬਾਰੇ ਦੱਸਣ ਲਈ ਹੇਠਾਂ ਦਿੱਤੇ ਬੁਲਾਰੇ ਇੰਟਰਵਿਊ ਲਈ ਉਪਲਬਧ ਹਨ:

ਡਾ. ਹਰਪ੍ਰੀਤ ਬਜਾਜ (Dr. Harpreet Bajaj), ਕਮਿਊਨਿਟੀ ਐਂਡੋਕ੍ਰਿਨੋਲੋਜਿਸਟ, "Stop Diabetes" ਫਾਉਂਡੇਸ਼ਨ ਦੇ ਸੰਸਥਾਪਕ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਇੰਟਰਵਿਊ ਲਈ ਉਪਲਬਧ ਹਨ।

ਡਾ. ਤਾਜ ਕੌੜਾ (Dr. Taj Kaura), William Osler Health System ਤੋਂ ਐਮਰਜੈਂਸੀ ਵਿਭਾਗ ਦੇ ਡਾਕਟਰ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਇੰਟਰਵਿਊ ਲਈ ਉਪਲਬਧ ਹਨ।

ਕਾਸ਼ਿਫ਼ ਪਾਸਤਾ (Kashif Pasta), ਕ੍ਰੀਏਟਿਵ ਡਾਇਰੈਕਟਰ, Dunya Media, ਅੰਗਰੇਜ਼ੀ ਵਿਚ ਇੰਟਰਵਿਊ ਲਈ ਉਪਲਬਧ ਹਨ।

ਤੁਰੰਤ ਤੱਥ:

ਸਾਧਾਰਣ ਆਬਾਦੀ ਦੇ ਮੁਕਾਬਲੇ, ਸਾਊਥ ਏਸ਼ੀਆਈ ਲੋਕਾਂ ਵਿੱਚ ਟਾਈਪ -2 ਡਾਇਬਟੀਜ਼ ਹੋਣ ਦੀ ਸੰਭਾਵਨਾ ਤਿੰਨ ਤੋਂ ਛੇ ਗੁਣਾ ਵਧੇਰੇ ਹੁੰਦੀ ਹੈ।

Peel ਖੇਤਰ ਨੂੰ ਕੈਨੇਡਾ ਦੀ ਡਾਇਬਟੀਜ਼ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ, GTA ਅਤੇ ਓਨਟਾਰੀਓ ਵਿੱਚ ਸਭ ਤੋਂ ਵੱਧ ਦਰਾਂ ਦੇ ਨਾਲ, ਬਾਕੀ ਦੇ ਦੇਸ਼ ਵਿੱਚ 11 ਵਿੱਚੋਂ ਇੱਕ ਦੀ ਤੁਲਨਾ ਵਿੱਚ, ਸੱਤ ਵਸਨੀਕਾਂ ਵਿੱਚੋਂ ਇੱਕ ਨੂੰ ਡਾਇਬਟੀਜ਼ ਹੈ।

ਤਕਰੀਬਨ 500,000 ਸਾਊਥ ਏਸ਼ੀਆਈ ਲੋਕ Peel ਵਿੱਚ ਰਹਿੰਦੇ ਹਨ, ਜੋ ਕਿ ਆਬਾਦੀ ਦੇ ਇੱਕ ਤਿਹਾਈ ਭਾਗ ਨੂੰ ਦਰਸਾਉਂਦੇ ਹਨ।

Mithaas (ਮਿਠਾਸ) ਨਾਮ ਹਿੰਦੀ ਅਤੇ ਪੰਜਾਬੀ ਦੇ ਸ਼ਬਦ "ਮਿਠਾਸ" (sweetness) ਤੋਂ ਲਿਆ ਗਿਆ ਹੈ, ਅਤੇ ਮੁਹਿੰਮ ਇਕ ਲਘੂ ਫਿਲਮ 'ਤੇ ਆਧਾਰਿਤ ਹੈ, ਜਿਸਦਾ ਨਾਮ ਹੈ, "ਆਧਾ ਚੱਮਚ", ਇਕ ਦਾਦੀ ਦੀ ਕਹਾਣੀ ਜੋ ਆਪਣੀ ਵਿਅਸਤ ਬੇਟੀ ਅਤੇ ਪਰਿਵਾਰ ਤੋਂ ਆਪਣੇ ਡਾਇਬਟੀਜ਼ ਰੋਗ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੀ ਹੈ, ਇਕ ਸਵੇਰ ਤਕ, ਜਦੋਂ ਹਾਲਾਤ ਬਦ ਤੋਂ ਬਦਤਰ ਹੋ ਜਾਂਦੇ ਹਨ।

ਇਸ ਮੁਹਿੰਮ ਅਤੇ ਸਮਾਗਮ ਵਿਚ ਭਾਗ ਲੈਣ ਵਾਲਿਆਂ ਵਿਚ Healthy Communities Initiative, Stop Diabetes Foundation, World Sikh Organization ਅਤੇ Cities Changing Diabetes ਸ਼ਾਮਲ ਹਨ। ਵਧੇਰੇ ਜਾਣਕਾਰੀ ਲਈ ਜਾਂ ਇੰਟਰਵਿਊ ਨਿਰਧਾਰਿਤ ਕਰਨ ਲਈ ਕਿਰਪਾ ਕਰਕੇ ਇੱਥੇ ਸੰਪਰਕ ਕਰੋ:

Christine Ackerley
Communications, Tolva Strategy
Christine.ackerley@tolvastrategy.com
289-355-2561

# ਮਾਂ ਦੇ ਕਾਨੂੰਨੀ ਹੱਕਾਂ ਤੋਂ ਜ਼ਰੂਰੀ ਬੱਚੇ ਦਾ ਭਵਿੱਖ ਹੈ : ਹਾਈ ਕੋਰਟ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਪਤੀ-ਪਤਨੀ ਦੇ ਵਿਵਾਦ ਦੇ ਕੇਸ 'ਚ ਬੱਚਿਆਂ ਵੱਲੋਂ ਮਾਂ ਦੀ ਬਜਾਏ ਪਿਤਾ ਨੂੰ ਚੁਣਨ ਦੇ ਖਿਲਾਫ ਮਾਂ ਦੀ ਪਟੀਸ਼ਨ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਮਾਂ ਦੇ ਕਾਨੂੰਨੀ ਅਧਿਕਾਰਾਂ ਤੋਂ ਅਹਿਮ ਬੱਚਿਆਂ ਭਵਿੱਖ ਤੇ ਉਨ੍ਹਾਂ ਦੀ ਇੱਛਾ ਹੈ।

ਸੰਬੰਧਤ ਕੇਸ ਵਿੱਚ ਪਤਨੀ ਨੇ ਆਪਣੀ ਪਟੀਸ਼ਨ 'ਚ ਕਿਹਾ ਸੀ ਕਿ ਉਸ ਦੇ ਸਹੁਰੇ ਦਾਜ ਲਈ ਤੰਗ ਕਰਦੇ ਸਨ। ਸਾਲ 2006 ਉਨ੍ਹਾਂ ਦੀ ਪਹਿਲੀ ਧੀ ਹੋਈ, ਜਿਸ ਤੋਂ ਬਾਅਦ ਅੱਤਿਆਚਾਰ ਹੋਰ ਵੱਧ ਗਿਆ। 2007 ਫਿਰ ਗਰਭਵਤੀ ਹੋਈ ਤਾਂ ਲਿੰਗ ਜਾਂਚ ਦਾ ਦਬਾਅ ਪਾਇਆ ਗਿਆ। ਪਰੇਸ਼ਾਨ ਹੋ ਕੇ ਉਹ ਘਰ ਛੱਡ ਕੇ ਚਲੀ ਗਈ। ਦੋ ਸਾਲ ਬਾਅਦ ਪੁਲਸ ਵਿਭਾਗ ਦੇ ਮਹਿਲਾ ਸੈਲ ਨੂੰ ਸ਼ਿਕਾਇਤ ਕੀਤੀ ਤਾਂ ਪਤੀ ਨੇ ਐਫੀਡੇਵਿਟ ਦਿੱਤਾ ਕਿ ਉਹ ਅੱਤਿਆਚਾਰ ਨਹੀਂ ਕਰੇਗਾ, ਪਰ ਉਸ ਦਾ ਵਤੀਰਾ ਨਹੀਂ ਬਦਲਿਆ। 2010 'ਚ ਉਹ ਫਿਰ ਪੇਕੇ ਘਰ ਚਲੀ ਗਈ। ਉਸ ਪਿੱਛੋਂ ਲਗਾਤਾਰ ਉਹ ਬੱਚਿਆਂ ਦੀ ਕਸਟਡੀ ਲਈ ਸੰਘਰਸ਼ ਕਰ ਰਹੀ ਹੈ। ਪਤੀ ਨੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ ਹੈ।

ਹਾਈ ਕੋਰਟ ਨੇ ਕੇਸ ਦਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਬੱਚੇ ਹਿਸਾਰ ਦੇ ਚੰਗੇ ਸਕੂਲ 'ਚ ਪੜ੍ਹ ਰਹੇ ਹਨ, ਜਦ ਕਿ ਪਤਨੀ ਭਿਵਾਨੀ ਦੇ ਪਿੰਡ 'ਚ ਰਹਿੰਦੀ ਹੈ। ਬੱਚਿਆਂ ਦੀ ਦਾਦੀ ਵੀ ਬੱਚਿਆਂ ਦੀ ਦੇਖਭਾਲ ਕਰ ਸਕਦੀ ਹੈ। ਅਦਾਲਤ ਨੇ ਕਿਹਾ ਕਿ ਮਾਂ ਦੇ ਕਾਨੂੰਨੀ ਅਧਿਕਾਰ ਤੋਂ ਵੱਧ ਬੱਚਿਆਂ ਦੀ ਇੱਛਾ ਅਤੇ ਚੰਗੇ ਭਵਿੱਖ ਨੂੰ ਦੇਖਦਿਆਂ ਬੱਚਿਆਂ ਨੂੰ ਪਿਤਾ ਕੋਲ ਰਹਿਣ ਦਿੱਤਾ ਜਾਵੇ। ਅਦਾਲਤ ਨੇ ਮਹੀਨੇ 'ਚ ਦੋ ਵਾਰ ਬੱਚਿਆਂ ਨੂੰ ਮਿਲਣ ਦੀ ਮੰਗ ਮਨਜ਼ੂਰ ਕਰ ਲਈ ਹੈ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
63 Talbot Street / BRAMPTON $729,900
Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,
Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE
INDEPENDENTLY OWNED AND OPERATED
12 Bluffmeadow Street / BRAMPTON $989,000
Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.
For More listings Visit anabelaserra.com

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਜਿਸਮ ਦੀ ਜ਼ੁਬਾਨ ਤੋਂ ਝਲਕਦੇ ਲੀਡਰਾਂ ਦੇ ਅਕਸ

ਜਿਸ ਢੰਗ ਨਾਲ ਮਨੁੱਖ ਆਪਣੇ ਜਿਸਮ ਨੂੰ ਲੈ ਕੇ ਤੁਰਦਾ ਹੈ, ਚਿਹਰੇ ਦੇ ਹਾਵਭਾਵ ਵਰਤਦਾ ਹੈ, ਉਸਤੋਂ ਉਹਨਾਂ ਗੱਲਾਂ ਦਾ ਪਤਾ ਲਾਇਆ ਜਾ ਸਕਦਾ ਹੈ ਜਿਹੜੀਆਂ ਮਨੁੱਖ ਹਜ਼ਾਰਾਂ ਸ਼ਬਦ ਬੋਲ ਕੇ ਵੀ ਜ਼ਾਹਰ ਨਹੀਂ ਕਰ ਸਕਦਾ। ਹਰ ਮਨੁੱਖ ਦੇ ਜਿਸਮ ਦੀ ਆਪਣੀ ਭਾਸ਼ਾ ਅਤੇ ਆਪਣਾ ਰਉਂ ਹੁੰਦਾ ਹੈ। ਜਿੱਤੇ ਹੋਏ ਮਨੁੱਖ ਦੇ ਜਿਸਮ ਦੀ ਭਾਸ਼ਾ (body language) ਅਤੇ ਹਾਰੀ ਮਾਨਸਿਕਤਾ ਵਾਲੇ ਮਨੁੱਖ ਦੇ ਸਰੀਰ ਤੋਂ ਮਿਲਦੇ ਸੰਕੇਤਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਜੇ ਇਸ ਗੱਲ ਨੂੰ ਚੋਣ ਪ੍ਰਚਾਰ ਦੇ ਮਾਹੌਲ ਵਿੱਚ ਸਿਆਸੀ ਲੀਡਰਾਂ ਵੱਲੋਂ ਬੋਲੀ ਜਾਂਦੀ ਜਿਸਮਾਂ ਦੀ ਭਾਸ਼ਾ ਨਾਲ ਮਿਲਾ ਕੇ ਵੇਖਿਆ ਜਾਵੇ ਤਾਂ ਇਹ ਸਮਝਣ ਵਿੱਚ ਕੋਈ ਬਹੁਤੀ ਦੇਰ ਨਹੀਂ ਲੱਗਦੀ ਕਿ ਕਿਹੜਾ ਲੀਡਰ ਖੁਦ ਨੂੰ 21 ਅਕਤੂਬਰ ਵਾਲੇ ਦਿਨ ਕਿੱਥੇ ਖੜਾ ਵੇਖ ਰਿਹਾ ਹੈ।

2015 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਤੋਰ-ਚਾਲ ਇੱਕ ਮਸਤਾਨੇ ਗੱਭਰੂ ਵਾਲੀ ਹੁੰਦੀ ਸੀ, ਉਹ ਔਰਤਾਂ ਨਾਲ ਮਿੱਤਰਤਾ ਭਰਿਆ ਹਾਸਾ ਠੱਠਾ ਕਰਨ ਵਿੱਚ ਮਾਣ ਮਹਿਸੂਸ ਕਰਦਾ ਸੀ, ਬੱਚਿਆਂ ਨਾਲ ਬੱਚਾ ਅਤੇ ਬਜ਼ੁਰਗਾਂ ਨੂੰ ਸਤਕਾਰ ਦੇਣ ਵੇਲੇ ਉਹ ਅਜਬ ਦਾ ਸਲੀਕੇ ਨਾਲ ਪਾਲਿਆ ਪੋਸਿਆ ਨੌਜਵਾਨ ਵਿਖਾਈ ਦੇਂਦਾ ਸੀ। ਮੂਲਵਾਸੀਆਂ ਨਾਲ ਵਾਅਦੇ ਕਰਨ ਵੇਲੇ ਅੱਖਾਂ ਵਿੱਚ ਗੱਲ 2 ਉੱਤੇ ਹੰਝੂ ਵਹਾ ਦੇਣੇ ਉਸ ਲਈ ਸੁਭਾਵਿਕ ਗੱਲ ਸੀ। ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬੈਠਣ ਤੋਂ ਬਾਅਦ ਉਹ ਆਪਣੇ ਜਿਸਮ ਦੀ ਭਾਸ਼ਾ ਦਾ ਹੋਰ ਵੀ ਵਧੇਰੇ ਜੇਤੂ ਨੁਮਾ ਅੰਦਾਜ਼ ਵਿੱਚ ਇਜ਼ਹਾਰ ਕਰਦਾ ਰਿਹਾ ਹੈ। ਨਵ-ਵਿਆਹੇ ਜੋੜਿਆਂ ਦੇ ਨਾਲ ਫੋਟੋ ਖਿਚਵਾਉਣੀਆਂ, ਟੋਰਾਂਟੋ ਸਮੇਤ ਵੱਖ ਵੱਖ ਸ਼ਹਿਰਾਂ ਵਿੱਚ ਸਰੀਰ ਤੋਂ ਕਮੀਜ਼ ਉਤਾਰ ਕੇ ਸਵੇਰ ਦੀ ਸੈਰ ਕਰਨੀ ਉਸ ਵਾਸਤੇ ਆਮ ਗੱਲ ਸੀ। ਅਤੇ ਫੇਰ ਅਚਾਨਕ ਐਸ ਐਨ ਸੀ ਲਾਵਾਲਿਨ ਕਿੱਸਾ ਅਤੇ ਜੋਡੀ ਵਿਲਸਨ ਦਾ ਅਸਤੀਫਾ ਵਾਪਰ ਗਿਆ ਜਿਸਤੋਂ ਬਾਅਦ ਸਾਰਾ ਚਾਅ ਮੱਲ੍ਹਾਰ ਜਿਵੇਂ ਖੰਭ ਲਾ ਕੇ ਉੱਡ ਗਿਆ ਹੋਵੇ। ਅੱਜ ਕੱਲ ਚੋਣ ਪ੍ਰਚਾਰ ਵੇਲੇ ਟਰੂਡੋ ਹੋਰਾਂ ਦੇ ਸਰੀਰ ਦੀ ਬੋਲਚਾਲ ਬਹੁਤ ਹੀ ਠੰਰਮੇ ਵਾਲੀ ਅਤੇ ਕਈ ਵਾਰ ਥੋੜੀ ਅਜੀਬ ਜਿਹੀ ਵੀ ਹੁੰਦੀ ਹੈ।

ਪੰਜਾਬੀ ਪੋਸਟ ਦੇ ਇੱਕ ਪਾਠਕ ਨੇ ਸਹੀ ਹੀ ਆਖਿਆ ਕਿ ਚੋਣ ਸਰਵੇਖਣਾਂ ਦੇ ਸਿੱਟੇ ਕੀ ਵੇਖਣੇ ਹਨ, ਤੁਸੀਂ ਉਹਨਾਂ ਦੇ ਸਰੀਰ ਦੀ ਜ਼ੁਬਾਨ ਵੇਖ ਲਵੋ। ਜਿੱਥੇ ਟਰੂਡੋ ਹੋਰੀਂ ਬਹੁਤ ਹੀ ਸੁਸਤਾਈ ਚਾਲ ਵਿੱਚ ਹਨ, ਉੱਥੇ ਜਗਮੀਤ ਸਿੰਘ ਅੱਜ ਕੱਲ ਗੱਲ 2 ਉੱਤੇ ਭੰਗੜੇ ਪਾ ਰਿਹਾ ਹੈ। ਹਾਲੇ ਕੱਲ ਹੀ ਉਸਦੀ ਟੋਰਾਂਟੋ ਵਿੱਚ ਸੰਤਰੀ ਰੰਗੀ ਦਸਤਾਰ ਪਹਿਨ ਕੇ ਐਨ ਡੀ ਪੀ ਦੇ ਸੰਤਰੀ ਰੰਗ ਵਿੱਚ ਰੰਗੇ ਸਮਰੱਥਕਾਂ ਦੇ ਹਜੂਮ ਵਿੱਚ ਭੰਗੜਾ ਪਾਉਣ ਦੀ ਵੀਡੀਓ ਵਾਇਰਲ ਹੋਈ ਹੈ। ਇੱਕ ਵਕਤ ਸੀ ਜਦੋਂ ਐਨ ਡੀ ਪੀ ਦੇ ਅੰਦਰੂਨੀ ਵਿਦਰੋਹ, ਪਾਰਲੀਮੈਂਟ ਵਿੱਚ ਸੀਟ ਨਾ ਹੋਣ ਅਤੇ ਖਾੜਕੂਵਾਦ ਨਾਲ ਜੁੜੇ ਸੁਆਲਾਂ ਦਾ ਸਾਹਮਣਾ ਕਰ ਰਹੇ ਜਗਮੀਤ ਸਿੰਘ ਨੂੰ ਵਖ਼ਤ ਪਾ ਰੱਖਿਆ ਸੀ। ਅੱਜ ਕੱਲ ਉਹ ਜਗਮੀਤ ਸਿੰਘ ਵਿੱਚ ਜੇਤੂਆਂ ਵਾਲੀ ਤੋਰ ਤੁਰ ਰਿਹਾ ਹੈ ਜਿਸਦਾ ਲਾਭ ਉਸਨੂੰ ਅਤੇ ਐਨ ਡੀ ਪੀ ਦੋਵਾਂ ਨੂੰ ਹੋਣਾ ਲਾਜ਼ਮੀ ਹੈ।

ਬੇਸ਼ੱਕ ਭੰਗੜਾ ਪਾਉਣਾ ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਦੇ ਹੱਥ ਵੱਸ ਦਾ ਰੋਗ ਨਹੀਂ ਹੈ ਪਰ ਪਿਛਲੇ ਦਿਨਾਂ ਵਿੱਚ (ਖਾਸ ਕਰਕੇ ਡੀਬੇਟ ਤੋਂ ਬਾਅਦ) ਉਸਦੇ ਵੀ ਸਰੀਰ ਦੀ ਭਾਸ਼ਾ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੀ ਹੈ। ਅੱਜ ਕੱਲ ਉਹ ਬਹੁਤ ਹੱਸ 2 ਕੇ ਗੱਲਾਂ ਕਰਦਾ ਹੈ ਹਾਲਾਂਕਿ ਇਹ ਮਸ਼ਹੂਰ ਰਿਹਾ ਹੈ ਕਿ ਹਾਸਾ ਹੱਸਣਾ ਐਂਡਰੀਊ ਸ਼ੀਅਰ ਲਈ ਸੱਭ ਤੋਂ ਮੁਸ਼ਕਲ ਕੰਮ ਹੈ। ਉਹ ਹੱਸੇ ਵੀ ਕਿਉਂ ਨਾ ਕਿਉਂਕਿ ਵੱਖ 2 ਸਰਵੇਖਣਾਂ ਦੇ ਆਧਾਰ ਉੱਤੇ ਆ ਰਹੀਆਂ ਇਹ ਖ਼ਬਰਾਂ ਕਿ ਕੰਜ਼ਰਵੇਟਿਵ ਪਾਰਟੀ ਨੇ ਲਿਬਰਲ ਮੁਕਾਬਲੇ ਬੜਤ ਹਾਸਲ ਕਰ ਲਈ ਹੈ, ਐਂਡਰੀਊ ਸ਼ੀਅਰ ਵਾਸਤੇ ਦੁੱਧ ਘਿਉ ਦੀਆਂ ਨਾਲਾਂ ਬਰਾਬਰ ਹਨ।

2015 ਦੀਆਂ ਚੋਣਾਂ ਵਿੱਚ ਜਸਟਿਨ ਟਰੂਡੋ ਨੂੰ ਜਿਤਾਉਣ ਵਿੱਚ ਔਰਤਾਂ ਦਾ ਵੱਡਾ ਹੱਥ ਸੀ ਕਿਉਂਕਿ ਇਹ ਹਸਮੁਖ ਅਤੇ ਮਿਲਾਪੜਾ ਸੀ ਜਦੋਂ ਕਿ ਸਟੀਫਨ ਹਾਰਪਰ ਕੋਲ ਇਹ ਗੁਰ ਨਹੀਂ ਸਨ। ਕਿਹਾ ਜਾਂਦਾ ਹੈ ਕਿ ਜਿਸਮ ਦੀ ਭਾਸ਼ਾ ਪੜ ਕੇ ਕਿਸੇ ਵਿਅਕਤੀ ਦੀ ਮਨੋਦਿਸ਼ਾ ਦਾ ਜਿੰਨਾ ਅੰਦਾਜ਼ਾ ਔਰਤ ਲਾ ਸਕਦੀ ਹੈ, ਇਹ ਰੱਬੀ ਗੁਣ ਰੱਬ ਨੇ ਮਰਦ ਵਿੱਚ ਕਿਤੇ ਘੱਟ ਮਾਤਰਾ ਵਿੱਚ ਪਾਇਆ ਜਾਂਦਾ ਹੈ। ਸੋਚਿਆ ਜਾ ਸਕਦਾ ਹੈ ਕਿ ਭੰਗੜਾ ਪਾਉਂਦੇ ਜਗਮੀਤ ਸਿੰਘ ਅਤੇ ਹੱਸਦੇ ਐਂਡਰੀਊ ਸ਼ੀਅਰ ਦੇ ਮੁਕਾਬਲੇ ਸਹਿਮੇ ਸਹਿਮੇ ਜਸਟਿਨ ਟਰੂਡੋ ਨੂੰ ਵੋਟਾਂ ਹਾਸਲ ਕਰਨੀਆਂ ਕਿੰਨਾ ਔਖਾ ਹੋ ਸਕਦਾ ਹੈ। ਇਸ ਤੱਥ ਨੂੰ ਸ਼ਾਇਦ CBC ਨੇ ਵੀ ਭਾਂਪ ਲਿਆ ਹੈ ਜਿਸ ਦੀ ਇੱਕ ਖ਼ਬਰ ਦਾ ਕੱਲ ਸਿਰਲੇਖ ਸੀ, 'Trudeau concedes Tories could win, ਟਰੂਡੋ ਨੇ ਕਬੂਲਿਆ ਕਿ ਟੋਰੀ ਜਿੱਤ ਸਕਦੇ ਹਨ। ਜੇ ਲੀਡਰਾਂ ਦੇ ਜਿਸਮਾਂ ਦੀ ਭਾਸ਼ਾ ਕੋਈ ਸੰਕੇਤ ਦੇ ਰਹੀ ਹੈ ਤਾਂ CBC ਦੀ ਉਪਰੋਕਤ ਖ਼ਬਰ 21 ਅਕਤੂਬਰ ਨੂੰ ਸ਼ਾਇਦ ਸੱਚ ਹੀ ਸਾਬਤ ਹੋ ਜਾਵੇ।

## ਖੇਡ ਮੰਤਰੀ ਰਾਣਾ ਸੋਢੀ ਨੂੰ ਮੁੱਖ ਮੰਤਰੀ ਦੇ ਸੁਰੱਖਿਆ ਇੰਚਾਰਜ ਨੇ ਗੱਡੀ ਤੋਂ ਲਾਹਿਆ

...ਪੰਨਾ 1 ਦਾ ਬਾਕੀ

ਰਾਣਾ ਸੋਢੀ ਨੇ ਕਿਹਾ ਕਿ ਉਹ ਇਸੇ ਵਿੱਚ ਜਾਣਗੇ ਤਾਂ ਖੂਬੀ ਰਾਮ ਨੇ ਕਿਹਾ, ਫਿਰ ਮੇਰੀ ਗੱਡੀ ਪਾਸੇ ਲਾ ਦਿਓ, ਮੈਂ ਇਸ ਵਿੱਚ ਨਹੀਂ ਜਾਂਦਾ, ਤੁਸੀਂ ਬੱਸ ਤਕ ਆਓ, ਬੱਸ ਵਿੱਚ ਬੈਠ ਜਾਣਾ, ਪਰ ਇਸ ਗੱਡੀ ਵਿੱਚ ਨਹੀਂ ਜਾ ਸਕਦੇ। ਇਸ ਕਾਰਨ ਰਾਣਾ ਸੋਢੀ ਨੇ ਕਿਹਾ ਕਿ ਉਹ ਜਾਣਗੇ ਹੀ ਨਹੀਂ ਤਾਂ ਖੂਬੀ ਰਾਮ ਨੇ ਕਿਹਾ: ਇਹ ਤੁਹਾਡੀ ਮਰਜ਼ੀ ਹੈ।
ਪਤਾ ਲੱਗਾ ਹੈ ਕਿ ਇਸ ਦੌਰਾਨ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਰਾਣਾ ਗੁਰਮੀਤ ਸਿੰਘ ਸੋਢੀ ਦੀ ਹਮਾਇਤ ਉੱਤੇ ਆਏ, ਪਰ ਉਨ੍ਹਾਂ ਨੇ ਸਿਰਫ ਇਹੋ ਕਿਹਾ: 'ਦਿਸ ਇਜ਼ ਵੈਰੀ ਬੈਡ ਖੂਬੀ ਰਾਮ ਜੀ।' ਇਸ ਤੋਂ ਬਾਅਦ ਰਾਣਾ ਸੋਢੀ ਆਪਣੀ ਗੱਡੀ ਵਿੱਚ ਬੈਠ ਗਏ, ਪਰ ਉਹ ਕਾਫ਼ਿਲੇ ਦੇ ਨਾਲ ਨਹੀਂ ਤੁਰੇ।

## ਸਪੀਕਰ ਦੇ ਐਲਾਨ ਨਾਲ ਟਰੰਪ ਦਾ ਖਹਿੜਾ ਛੁੱਟਣ ਦੇ ਹਾਲਾਤ ਬਣੇ

...ਪੰਨਾ 1 ਦਾ ਬਾਕੀ

ਵਰਨਣ ਯੋਗ ਹੈ ਕਿ ਇਕ ਅਮਰੀਕੀ ਵ੍ਹਿਸਲ ਬਲੋਅਰ ਦੀ ਸ਼ਿਕਾਇਤ ਉੱਤੇ ਸਪੀਕਰ ਨੈਨਸੀ ਪੇਲੋਸੀ ਨੇ ਪਿਛਲੇ ਮਹੀਨੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਲਈ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਪ੍ਰਤੀਨਿਧ ਸਭਾ ਦੀਆਂ ਕਈ ਕਮੇਟੀਆਂ ਇਸ ਕੇਸ ਦੀ ਜਾਂਚ ਕਰ ਰਹੀਆਂ ਹਨ। ਵ੍ਹਿਸਲ ਬਲੋਅਰ ਨੇ ਦੋਸ਼ ਲਾਇਆ ਹੈ ਕਿ ਡੋਨਾਲਡ ਟਰੰਪ ਨੇ ਬੀਤੀ 25 ਜੁਲਾਈ ਨੂੰ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨਾਲ ਫੋਨ ਉੱਤੇ ਗੱਲ ਕਰ ਕੇ ਅਗਲੇ ਸਾਲ ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਵਿਚ ਆਪਣੇ ਸੰਭਾਵਤ ਡੈਮੋਕ੍ਰੇਟ ਵਿਰੋਧੀ ਉਮੀਦਵਾਰ ਜੋਅ ਬਿਡੇਨ ਨੂੰ ਬਦਨਾਮ ਕਰਨ ਲਈ ਜ਼ੇਲੈਂਸਕੀ ਉੱਤੇ ਦਬਾਅ ਪਾਇਆ ਸੀ। ਟਰੰਪ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ।

## ਸੀਨੀਆਰਤਾ ਸੂਚੀ ਨਾਲ ਛੇੜਛਾੜ ਦੇ ਕਾਰਨ ਮੁਲਾਜ਼ਮਾਂ 'ਚ ਖੜਕੀ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਜਨਰਲ ਐਡਮਨਿਸਟਰੇਸ਼ਨ ਵਿਭਾਗ ਪੰਜਾਬ ਨੇ ਕਰੀਬ ਦੋ ਸਾਲ ਪਹਿਲਾਂ ਸੀਨੀਅਰ ਸਹਾਇਕਾਂ ਦੀ ਬਣਾਈ ਸੀਨੀਅਰਤਾ ਸੂਚੀ ਨੂੰ ਬਦਲ ਕੇ ਜੂਨੀਅਰ ਨੂੰ ਸੀਨੀਅਰ ਬਣਾ ਦਿੱਤਾ ਹੈ।
ਸੀਨੀਅਰਤਾ ਸੂਚੀ ਬਦਲਣ ਨਾਲ ਸਿੱਧੀ ਭਰਤੀ ਅਤੇ ਤਰੱਕੀ ਨਾਲ ਸੀਨੀਅਰ ਬਣੇ ਮੁਲਾਜ਼ਮਾਂ ਵਿੱਚ ਖੜਕ ਗਈ ਹੈ ਅਤੇ ਸਿੱਧੀ ਭਰਤੀ ਰਾਹੀ ਸੀਨੀਅਰ ਸਹਾਇਕ ਭਰਤੀ ਹੋਏ ਮੁਲਾਜ਼ਮਾਂ ਨੇ ਆਮ ਰਾਜ ਪ੍ਰਬੰਧ ਵਿਭਾਗ 'ਚ ਤੈਨਾਤ ਕੁਝ ਅਧਿਕਾਰੀਆਂ, ਮੁਲਾਜ਼ਮਾਂ ਉੱਤੇ ਜਾਣਬੁੱਝ ਕੇ ਸੀਨੀਅਰਤਾ ਸੂਚੀ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਹੈ। ਪਤਾ ਲੱਗਾ ਹੈ ਕਿ ਆਮ ਰਾਜ ਪ੍ਰਬੰਧ ਵਿਭਾਗ ਨੇ ਸਾਲ 2016 ਵਿੱਚ ਸੀਨੀਅਰ ਸਹਾਇਕ ਸੂਚੀ ਬਣਾਈ ਸੀ। ਸਾਲ 2015 ਵਿੱਚ ਸਿੱਧੀ ਭਰਤੀ ਰਾਹੀ ਸੀਨੀਅਰ ਸਹਾਇਕ ਭਰਤੀ ਹੋਏ ਮੁਲਾਜ਼ਮਾਂ ਨੂੰ ਉਸ ਸਮੇਂ ਸੀਨੀਅਰ ਮੰਨਿਆ ਗਿਆ ਸੀ, ਜਦੋਂ ਕਿ 2016 ਅਤੇ ਬਾਅਦ ਵਿੱਚ ਤਰੱਕੀ ਵਾਲੇ ਸੀਨੀਅਰ ਸਹਾਇਕਾਂ ਨੂੰ ਜੂਨੀਅਰ ਮੰਨਿਆ ਗਿਆ ਸੀ। ਉਸ ਸਮੇਂ ਤਰੱਕੀ ਨਾਲ ਸੀਨੀਅਰ ਸਹਾਇਕ ਬਣੇ ਕੁਝ ਅਧਿਕਾਰੀਆਂ ਨੇ ਸੀਨੀਅਰ ਸੂਚੀ 'ਤੇ ਇਤਰਾਜ਼ ਵੀ ਕੀਤੇ ਸਨ, ਪਰ ਵਿੱਤ, ਪ੍ਰੋਸੋਨਲ ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਾਲੀ ਦਾ ਹਵਾਲਾ ਦਿੰਦੇ ਹੋਏ ਇਤਰਾਜ਼ ਰੱਦ ਕਰ ਦਿੱਤੇ ਗਏ ਸਨ। ਸਾਲ 2015 ਵਿੱਚ ਸਿੱਧੀ ਭਰਤੀ ਰਾਹੀ ਸੀਨੀਅਰ ਸਹਾਇਕ ਭਰਤੀ ਹੋਏ ਕਰਮਚਾਰੀਆਂ ਨੂੰ ਸੀਨੀਅਰ ਮੰਨਿਆ ਗਿਆ ਸੀ। ਮਿਸਾਲ ਵਜੋਂ ਕੁਲਦੀਪ ਸਿੰਘ 26 ਸਤੰਬਰ 18 ਨੂੰ ਸੀਨੀਅਰ ਸਹਾਇਕ ਬਣੇ ਸਨ ਤੇ ਸੀਨੀਅਰਾਤਾ ਸੂਚੀ ਵਿੱਚ 388 ਨੰਬਰ ਹੈ, ਜਦੋਂ ਕਿ 23 ਦਸੰਬਰ 16 ਨੂੰ ਸੀਨੀਅਰ ਸਹਾਇਕ ਭਰਤੀ ਹੋਏ ਬ੍ਰਿਜੇਸ਼ ਮਿੱਤਲ ਨੂੰ ਸੀਨੀਅਰਤਾ ਸੂਚੀ ਵਿੱਚ 389 ਨੰਬਰ 'ਤੇ ਰੱਖਿਆ ਗਿਆ ਹੈ। ਅਜਿਹੀਆਂ ਕਈ ਹੋਰ ਮਿਸਾਲਾਂ ਹਨ। ਸੀਨੀਅਰਤਾ ਸੂਚੀ ਵਿੱਚ ਛੇੜਛਾੜ ਕਾਰਨ ਸਕੱਤਰੇਤ ਅਤੇ ਮਿੰਨੀ ਸਕੱਤਰੇਤ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਬਰਾਚਾਂ ਵਿੱਚ ਸਿੱਧੀ ਭਰਤੀ ਅਤੇ ਤਰੱਕੀ ਵਾਲੇ ਸੀਨੀਅਰ ਸਹਾਇਕਾਂ ਵਿੱਚ ਪੂਰੀ ਤਰ੍ਹਾਂ ਖੜਕ ਗਈ ਹੈ। ਸੂਤਰ ਦੱਸਦੇ ਹਨ ਕਿ ਸਿੱਧੀ ਭਰਤੀ ਰਾਹੀ ਸੀਨੀਅਰ ਸਹਾਇਕ ਭਰਤੀ ਕਰਮਚਾਰੀਆਂ ਨੇ ਜਿੱਥੇ ਅਦਾਲਤ ਦਾ ਦਰਵਾਜ਼ਾਂ ਖੜਕਾਉਣ ਦਾ ਮਨ ਬਣਾਇਆ ਹੈ, ਉਥੇ ਸੂਚੀ ਨਾਲ ਛੇੜਛਾੜ ਕਰਨ ਲਈ ਫੌਜਦਾਰੀ ਕੇਸ ਦਰਜ ਕਰਵਾਉਣ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## 'ਰਾਮ ਸੀਆ ਕੇ ਲਵ-ਕੁਸ਼' ਉੱਤੇ ਲੱਗੀ ਪਾਬੰਦੀ ਹਟੇਗੀ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਵਾਲਮੀਕ ਭਾਈਚਾਰੇ ਦੇ ਤਿੱਖੇ ਵਿਰੋਧ ਕਾਰਨ ਵਿਵਾਦ ਵਿੱਚ ਉਲਝੇ ਕਲਰਜ਼ ਟੀ ਵੀ ਦੇ ਸੀਰੀਅਲ 'ਰਾਮ ਸੀਆ ਕੇ ਲਵ ਕੁਸ਼' ਦੇ ਪ੍ਰਸਾਰਨ ਉਤੇ ਰੋਕ ਹਟਾਉਣ ਦੇ ਸੰਕੇਤ ਦਿੰਦੇ ਹੋਏ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਜੇ ਨਿਰਮਾਤਾ ਸੀਰੀਅਲ ਦੇ ਵਿਸ਼ੇ ਵਿੱਚ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਕਰਨ ਤਾਂ ਸਰਕਾਰ ਇਸ ਦੇ ਪ੍ਰਸਾਰਣ 'ਤੇ ਰੋਕ ਦੇ ਹੁਕਮਾਂ ਨੂੰ ਹਟਾ ਦੇਵੇਗੀ।
ਇਸ ਸੀਰੀਅਲ ਦੇ ਪ੍ਰਸਾਰਨ ਉੱਤੇ ਰੋਕ ਦੇ ਸੰਬੰਧ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਦੇ ਆਦੇਸ਼ ਵਾਪਸ ਲਏ ਜਾ ਸਕਦੇ ਹਨ, ਜੇ ਨਿਰਮਾਤਾ ਸਵਾਸਤਿਕ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਅੱਜ ਤੱਕ ਪ੍ਰਸਾਰਿਤ ਹੋ ਚੁੱਕੇ ਅਤੇ ਭਵਿੱਖ ਵਿੱਚ ਪ੍ਰਸਾਰਿਤ ਹੋਣ ਵਾਲੇ ਸੀਰੀਅਲਾਂ ਵਿੱਚ ਵਾਲਮੀਕ ਭਾਈਚਾਰੇ ਨਾਲ ਹੋਏ ਸਮਝੌਤੇ ਦੀਆਂ ਸ਼ਰਤਾਂ ਮੰਨਣ ਦਾ ਐਫੀਡੇਵਿਟ ਪੇਸ਼ ਕਰ ਦੇਵੇ। ਪੰਜਾਬ ਸਰਕਾਰ ਦੇ ਇਸ ਜਵਾਬ 'ਤੇ ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਸੁਣਵਾਈ ਨੂੰ 17 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ। ਵਰਨਣ ਯੋਗ ਹੈ ਕਿ ਇਸ ਸੀਰੀਅਲ 'ਤੇ ਵਾਲਮੀਕ ਭਾਈਚਾਰੇ ਦੇ ਭਾਰੀ ਵਿਰੋਧ ਪ੍ਰਦਰਸ਼ਨ ਦੇ ਬਾਅਦ ਪੰਜਾਬ ਸਰਕਾਰ ਨੇ ਛੇ ਸਤੰਬਰ ਨੂੰ ਇਸ ਉੱਤੇ ਰੋਕ ਲਾ ਦਿੱਤੀ ਸੀ। ਪੰਜਾਬ ਦੇ ਗ੍ਰਹਿ ਸਕੱਤਰ ਦੇ ਦਫਤਰ ਵਿੱਚ ਇਸ ਵਿਵਾਦ ਦੇ ਹੱਲ ਲਈ ਵਾਲਮੀਕ ਭਾਈਚਾਰੇ ਦੇ ਵਿਸ਼ੇਸ਼ ਪ੍ਰਤੀਨਿਧਾਂ ਅਤੇ ਸੀਰੀਅਲ ਨਿਰਮਾਤਾਵਾਂ ਵਿਚਾਲੇ ਕਈ ਬੈਠਕਾਂ ਵੀ ਹੋ ਚੁੱਕੀਆਂ ਹਨ। ਸੀਰੀਅਲ ਨਿਰਮਾਤਾਵਾਂ ਨੇ ਪ੍ਰਸਾਰਿਤ ਸੀਰੀਅਲਾਂ ਦੇ ਕਿਸੇ ਅੰਸ਼ ਵਿੱਚ ਵਾਲਮੀਕ ਭਾਈਚਾਰੇ ਦੇ ਇਤਰਾਜ਼ 'ਤੇ ਉਨ੍ਹਾਂ ਨੂੰ ਸੁਧਾਰ ਦੇ ਦੋਬਾਰਾ ਪ੍ਰਸਾਰਤ ਕਰਨ ਦੀ ਵੀ ਹਾਮੀ ਭਰੀ ਹੈ।

## ਗਿੱਲ ਪਰਿਵਾਰ ਨੂੰ ਸਦਮਾ

### ਸ. ਗੁਰਦੇਵ ਸਿੰਘ ਗਿੱਲ ਦੇ ਪਿਤਾ ਸ. ਪ੍ਰੇਮ ਸਿੰਘ ਗਿੱਲ ਨਹੀਂ ਰਹੇ

ਭਾਈਚਾਰੇ 'ਚ ਜਾਣੀ ਪਹਿਚਾਣੀ ਸਖਸ਼ੀਅਤ ਸ. ਗੁਰਦੇਵ ਸਿੰਘ ਗਿੱਲ ਦੇ ਪਿਤਾ ਸ. ਪ੍ਰੇਮ ਸਿੰਘ ਗਿੱਲ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹ ਇਸ ਸਮੇਂ ਆਪਣੇ ਜੱਦੀ ਪਿੰਡ ਕਾਲੇਕੇ, ਜ਼ਿਲ੍ਹਾ ਮੋਗਾ ਵਿਖੇ ਰਹਿ ਰਹੇ ਸਨ। ਸ. ਪ੍ਰੇਮ ਸਿੰਘ ਗਿੱਲ 1981 ਤੋਂ ਲੈਕੇ 2010 ਤੱਕ ਇਥੇ ਹੀ ਸ. ਗੁਰਦੇਵ ਸਿੰਘ ਗਿੱਲ ਪਾਸ ਹੀ ਰਹੇ। ਇਸ ਤੋਂ ਬਾਅਦ ਉਹ ਪੱਕੇ ਤੌਰ 'ਤੇ ਆਪਣੇ ਜੱਦੀ ਪਿੰਡ ਕਾਲੇਕੇ ਜਾ ਵਸੇ ਸਨ। ਉਨ੍ਹਾਂ ਦੇ 4 ਸਪੁੱਤਰ ਜਿਨ੍ਹਾਂ 'ਚੋਂ 2 ਕੈਨੇਡਾ ਤੇ 2 ਪੰਜਾਬ 'ਚ ਰਹਿੰਦੇ ਹਨ। ਇਸੇ ਤਰ੍ਹਾਂ ਹੀ ਉਨ੍ਹਾਂ ਦੀਆਂ 2 ਸਪੁੱਤਰੀਆਂ ਜਿਨ੍ਹਾਂ 'ਚੋਂ ਇਕ ਕੈਨੇਡਾ ਅਤੇ ਇਕ ਪੰਜਾਬ ਰਹਿੰਦੀ ਹੈ। ਉਹ ਆਪਣੇ ਪਿੱਛੇ ਹਸਦਾ-ਵਸਦਾ ਪਰਿਵਾਰ ਛੱਡ ਗਏ ਹਨ। ਇਹ ਖਬਰ ਮਿਲਦਿਆਂ ਹੀ ਸ. ਗੁਰਦੇਵ ਸਿੰਘ ਗਿੱਲ ਪੰਜਾਬ ਲਈ ਰਵਾਨਾ ਹੋ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਦੀਆਂ ਅੰਤਿਮ ਰਸਮਾਂ ਤੇ ਸਸਕਾਰ ਉਨ੍ਹਾਂ ਦੇ ਪੰਜਾਬ ਜਾਣ ਤੋਂ ਬਾਅਦ ਹੀ ਪਿੰਡ 'ਚ ਹੀ ਕੀਤਾ ਜਾਵੇਗਾ। ਉਹ ਵਾਪਿਸ 3 ਤਾਰੀਕ ਨੂੰ ਪਰਤਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਗੁਰਦੇਵ ਸਿੰਘ ਗਿੱਲ ਨਾਲ 416-357-1115 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਰਕਾਰੀ ਡਾਕਟਰ ਡਿਊਟੀ ਵੇਲੇ ਦਵਾਈ ਕੰਪਨੀਆਂ ਦੇ ਏਜੰਟਾਂ ਨੂੰ ਨਹੀਂ ਮਿਲ ਸਕਣਗੇ

ਪਟਿਆਲਾ, 16 ਅਕਤੂਬਰ (ਪੋਸਟ ਬਿਊਰੋ)- ਸਰਕਾਰੀ ਹਸਪਤਾਲਾਂ ਅਤੇ ਹੋਰ ਸੰਸਥਾਵਾਂ ਦੇ ਡਾਕਟਰਾਂ ਲਈ ਡਿਊਟੀ ਦੌਰਾਨ ਦਵਾਈਆਂ ਵਾਲੀਆਂ ਕੰਪਨੀਆਂ ਦੇ ਏਜੰਟਾਂ (ਮੈਡੀਕਲ ਰੀਪ੍ਰੈਜ਼ੈਂਟੇਟਿਵ) ਨੂੰ ਮਿਲਣ ਦੀ ਸਖਤ ਮਨਾਹੀ ਕੀਤੀ ਗਈ ਹੈ। ਅਜਿਹਾ ਕਰਨ 'ਤੇ ਸਬੰਧਿਤ ਡਾਕਟਰ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਨੂੰ ਲੈ ਕੇ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ. ਹਰਜਿੰਦਰ ਸਿੰਘ ਨੇ ਕੱਲ੍ਹ ਪਟਿਆਲਾ ਸਥਿਤ ਸਰਕਾਰੀ ਰਾਜਿੰਦਰਾ ਹਸਪਤਾਲ ਅਤੇ ਟੀ ਬੀ ਹਸਪਤਾਲ ਸਣੇ ਹੋਰ ਸਰਕਾਰੀ ਮੈਡੀਕਲ ਸੰਸਥਾਵਾਂ ਦੇ ਮੁਖੀਆਂ ਨੂੰ ਪੱਤਰ ਜਾਰੀ ਕੀਤਾ ਹੈ।
ਕੱਲ੍ਹ ਇਸ ਤਰ੍ਹਾਂ ਦੇ ਇੱਕ ਕੇਸ ਬਾਰੇ ਪਟਿਆਲਾ ਨਾਲ ਸਬੰਧਿਤ ਹਸਪਤਾਲ ਦੀ ਵੀਡੀਓ ਸਾਹਮਣੇ ਆਉਣ ਮਗਰੋਂ ਖੋਜ ਅਤੇ ਮੈਡੀਕਲ ਐਜੂਕੇਸ਼ਨ ਦੇ ਪ੍ਰਿੰਸੀਪਲ ਸਕੱਤਰ ਡੀ ਕੇ ਤਿਵਾੜੀ ਵੱਲੋਂ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ. ਹਰਜਿੰਦਰ ਸਿੰਘ ਨੂੰ ਇਸ ਕੇਸ ਦੀ ਘੋਖ ਲਈ ਕਿਹਾ ਗਿਆ ਸੀ। ਇਸ ਮੌਕੇ ਡਾ. ਹਰਜਿੰਦਰ ਸਿੰਘ ਵੱਲੋਂ ਕੱਲ੍ਹ ਇਹ ਪੱਤਰ ਜਾਰੀ ਕਰਕੇ ਇਸ ਤਰ੍ਹਾਂ ਕਰਨ ਵਾਲੇ ਡਾਕਟਰਾਂ ਨੂੰ ਉਨ੍ਹਾਂ ਖਿਲਾਫ ਕਾਰਵਾਈ ਕਰਨ ਬਾਰੇ ਚੌਕਸ ਕੀਤਾ ਗਿਆ ਹੈ। ਪੱਤਰ ਦੇ ਮੁਤਾਬਕ ਸਵੇਰੇ ਅੱਠ ਤੋਂ ਢਾਈ ਵਜੇ ਤੱਕ ਮਰੀਜ਼ ਦੇਖਣ ਦਾ ਸਮਾਂ ਹੈ। ਡਾਕਟਰਾਂ ਨੂੰ ਚਾਹੀਦਾ ਹੈ ਕਿ ਉਹ ਇਹ ਸਮਾਂ ਮਰੀਜ਼ਾਂ ਦੀ ਜਾਂਚ 'ਤੇ ਲਾਉਣ, ਜੇ ਮਰੀਜ਼ਾਂ ਨੂੰ ਚੈੱਕ ਕਰਨ ਦੇ ਸਮੇਂ ਦੌਰਾਨ ਕੋਈ ਡਾਕਟਰ ਦਵਾਈਆਂ ਵਾਲੀਆਂ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਮਿਲਦਾ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

## ਘਰੇਲੂ ਝਗੜੇ ਕਾਰਨ ਪੁੱਤ ਨੇ ਪਿਉ ਨੂੰ ਗੋਲੀ ਮਾਰੀ

ਬਟਾਲਾ, 16 ਅਕਤੂਬਰ (ਪੋਸਟ ਬਿਊਰੋ)- ਥਾਣਾ ਡੇਰਾ ਬਾਬਾ ਨਾਨਕ ਦੇ ਪਿੰਡ ਤਲਵੰਡੀ ਗੋਰਾਇਆ ਵਿੱਚ ਘਰੇਲੂ ਝਗੜੇ ਕਾਰਨ ਪੁੱਤਰ ਨੇ ਪਿਤਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਅਤੇ ਫਰਾਰ ਹੋ ਗਿਆ। ਪਰਵਾਰਕ ਮੈਂਬਰਾਂ ਨੇ ਜ਼ਖਮੀ ਨੂੰ ਸਰਕਾਰੀ ਹਸਪਤਾਲ ਦਾਖਲ ਕਰਾਇਆ ਜਿਥੋਂ ਮਰੀਜ਼ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਸਤਨਾਮ ਸਿੰਘ ਪਿੰਡ ਤਲਵੰਡੀ ਗੋਰਾਇਆ ਤੇ ਉਸ ਦੇ ਲੜਕੇ ਗੁਰਪ੍ਰੀਤ ਸਿੰਘ ਦਾ ਘਰੇਲੂ ਕਾਰਨਾਂ ਕਰਕੇ ਝਗੜਾ ਰਹਿੰਦਾ ਸੀ। ਸੂਤਰਾਂ ਅਨੁਸਾਰ ਗੁਰਪ੍ਰੀਤ ਸਿੰਘ ਆਪਣੇ ਪਿਤਾ ਸਤਨਾਮ ਸਿੰਘ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਇਸੇ ਨੂੰ ਝਗੜੇ ਦੀ ਵਜ੍ਹਾ ਦੱਸਿਆ ਜਾ ਰਿਹਾ ਹੈ। ਕੱਲ੍ਹ ਸਵੇਰੇ ਵੀ ਦੋਵਾਂ ਪਿਉ ਪੁੱਤਰ ਦਰਮਿਆਨ ਝਗੜਾ ਹੋਇਆ, ਜਿਸ ਨੇ ਖੂਨੀ ਰੂਪ ਲੈ ਲਿਆ। ਗੁਰਪ੍ਰੀਤ ਸਿੰਘ ਨੇ ਪਿਤਾ ਦੇ ਲਾਇਸੈਂਸੀ ਪਿਸਤੌਲ ਨਾਲ ਹੀ ਉਸ ਉੱਤੇ ਗੋਲੀ ਚਲਾਈ ਤੇ ਫਰਾਰ ਹੋ ਗਿਆ। ਪਰਵਾਰਕ ਮੈਂਬਰ ਸਤਨਾਮ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਡੇਰਾ ਬਾਬਾ ਨਾਨਕ ਦੇ ਸਿਵਲ ਹਸਪਤਾਲ ਲੈ ਗਏ ਜਿੱਥੋਂ ਉਸ ਦੀ ਗੰਭੀਰ ਹਾਲਤ ਵੇਖ ਕੇ ਅੰਮ੍ਰਿਤਸਰ ਭੇਜ ਦਿੱਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Q MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
Aikam Arts Academy
Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਇਲੈਕਸ਼ਨ 2019...ਇਹ ਫਿਰ ਤੋਂ 2015 ਹੈ ਜਾਂ 2004 ਹੈ ?

ਅਮਨਪ੍ਰੀਤ (ਜਸਪਾਲ) ਸਿੰਘ ਬੱਲ
647-990-1795
asinghbal@gmail.com

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਉਨ੍ਹਾਂ ਅਨੁਸਾਰ ਵਿਦੇਸ਼ੀ ਸਹਾਇਤਾ ਦੇ ਮਾਮਲਿਆਂ ਵਿਚ ਟਰੂਡੋ ਸਰਕਾਰ ਸ਼ਾਇਦ ਹਾਰਪਰ ਸਰਕਾਰ ਨਾਲੋਂ ਵਧੇਰੇ ਭੁੱਲਕੜ ਬਣੀ ਹੈ । ਉਨ੍ਹਾਂ ਅਨੁਸਾਰ ਹਾਰਪਰ ਸਰਕਾਰ ਦੀ ਕਹਿਣੀ ਅਤੇ ਕਥਨੀ ਵਿਚ ਫਰਕ ਨਹੀਂ ਸੀ ਜਦੋਂ ਕਿ ਟਰੂਡੋ ਸਰਕਾਰ ਦੇ ਕਹਿਣ ਅਤੇ ਐਕਸ਼ਨ ਵਿਚ ਫਰਕ ਰਿਹਾ ਹੈ ।ਜਦੋਂ ਵੀ ਕਿਸੇ ਪਾਰਟੀ ਨੂੰ ਆਸ ਤੋਂ ਕਿਤੇ ਵਧੇਰੇ ਵੋਟਰਾਂ ਦਾ ਸਹਿਯੋਗ ਮਿਲ ਜਾਂਦਾ ਹੈ ਜਾਂ ਪਾਰਟੀ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਸੱਤਾ ਵਿਚ ਉਨ੍ਹਾਂ ਦੀ ਪਕੜ ਨੂੰ ਕੋਈ ਹਿਲਾ ਨਹੀਂ ਸਕਦਾ ਤਾਂ ਉਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿਚ ਮਨ-ਮਾਨੀਆਂ ਕਰਨ ਦਾ ਰੁਝਾਣ ਵੱਧਣ ਤੋਂ ਲੈ ਕੇ ਹੰਕਾਰ ਆਉਣਾ ਸੁਭਾਵਿਕ ਹੈ । ਪੰਜਾਬ ਜਾਂ ਹਿੰਦੁਸਤਾਨੀ ਰਾਜਨੀਤਕ ਇਤਿਹਾਸ ਦਾ ਜ਼ਿਕਰ ਜੇਕਰ ਨਾਂ ਵੀ ਕਰੀਏ ਤਾਂ ਸਾਨੂੰ ਇਥੇ ਜਾਨ ਕਰੈਚੀਅਨ ਸਰਕਾਰ ਦੌਰਾਨ ਹੋਏ ਸਪੌਂਸਰਸ਼ਿੱਪ ਸਕੈਂਡਲ ਦੀ ਜਾਂਚ ਜੋ ਕਿ ਫਰਵਰੀ 2004 ਵਿਚ ਸਥਾਪਿਤ ਕੀਤੇ ਗੌਮਰੀ ਕਮਿਸ਼ਨ ਨੇ 2 ਸਾਲ ਦੀ ਜਾਂਚ ਤੋਂ ਬਾਅਦ ਜਾਰੀ ਕੀਤੀ ਸੀ ਤੋਂ ਲੈ ਕੇ ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਕੈਸ਼-ਫੋਰ-ਐਕਸਸ ਦੀ ਚੱਲੀ ਨੈਸ਼ਨਲ ਮੀਡੀਏ ਵਿਚ ਚਰਚਾ ਜਾਂ ਐਸ ਐਨ ਸੀ ਲੈਵਲਿਨ ਦੇ ਮੁੱਦੇ ਸਬੰਧੀ ਅਪਣਾਏ ਰੁੱਖ ਨੇ ਇਹ ਦਰਸਾਇਆ ਹੈ ਕਿ ਬਹੁਗਿਣਤੀ ਵਿਚ ਆ ਕੇ ਐਥਿਕ, ਯਾਨਿ ਨੈਤਿਕ ਮੁੱਦਿਆਂ ਨੂੰ ਪਾਰਟੀ ਹਿੱਤਾਂ ਦੇ ਲਈ ਕੁਰਬਾਨ ਕਰ ਦਿੱਤਾ ਜਾਂਦਾ ਹੈ ।

# ਟਰੂਡੋ ਸਰਕਾਰ ਆਪਣੇ ਆਪ ਨੂੰ ਹਾਰਪਰ ਦੀ ਵਿਰਾਸਤ ਤੋਂ ਦੂਰ ਕਰਨ ਤੋਂ ਬਹੁਤ ਦੂਰ

## ਅਮਲੀ ਰੂਪ ਵਿਚ ਟਰੂਡੋ ਸਰਕਾਰ ਨੇ 2015 ਤੋਂ ਬਹੁਤ ਸਾਰੇ ਤਰੀਕਿਆਂ ਨਾਲ ਹਾਰਪਰ ਦੀ ਵਿਰਾਸਤ ਨੂੰ ਜਾਰੀ ਰੱਖਿਆ ਹੈ ਅਤੇ ਇਸ ਨੂੰ ਮਜ਼ਬੂਤ ਕੀਤਾ ਹੈ ਜਿਸ ਸਦਕਾ 2019 ਦੀ ਇਲੈਕਸ਼ਨ ਵਿਚ ਕਾਂਟੇ ਦੀ ਫਸਵੀ ਟੱਕਰ ਬਣ ਚੁੱਕੀ ਹੈ ।

ਟਰੂਡੋ ਸਰਕਾਰ ਦੇ ਹਾਲਾਤਾਂ ਸਬੰਧੀ ਪੰਜਾਬੀ ਦਾ ਮੁਹਾਵਰਾ, " ਹਾਥੀ ਦੇ ਦੰਦ ਖਾਣ ਲਈ ਹੋਰ ਅਤੇ ਵਿਖਾਉਣ ਲਈ ਹੋਰ " ਪੂਰਾ ਢੁਕਦਾ ਹੈ ਕਿਉਂਕਿ ਵਿਰੋਧੀ ਧਿਰ ਵਜੋਂ ਜਾਂ ਇਲੈਕਸ਼ਨ ਦੌਰਾਨ, ਇਹ ਪਾਰਟੀ ਪ੍ਰੋਗਰੈਸਿਵ, ਯਾਨਿ ਲੋਕ-ਪੱਖੀ ਗੱਲਾਂ ਕਰਦੀ ਸੀ ਪਰ ਸੱਤਾ ਸੰਭਾਲਣ ਤੋਂ ਬਾਅਦ ਹੋਰ ਰੰਗ-ਢੰਗ ਅਪਣਾ ਗਈ ਜਿਸ ਕਰਕੇ ਪ੍ਰੋਗਰੈਸਿਵ ਵੋਟਰ ਇਸ ਵਕਤ ਲਿਬਰਲ ਪਾਰਟੀ ਤੋਂ ਦੂਰੀ ਕਰਦੇ ਨਜ਼ਰ ਆ ਰਹੇ ਹਨ । 2019 ਇਲੈਕਸ਼ਨ ਦੇ ਆਖਰੀ ਹਫਤੇ ਦੌਰਾਨ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਵਲੋਂ 5-10% ਪੌਗਰੈਸਿਵ ਵੋਟਰਾਂ ਨੂੰ ਆਪਣੇ ਵੱਲ ਲਿਆਉਣ ਲਈ ਅਨੇਕਾਂ ਤਰ੍ਹਾਂ ਦੇ ਹਾੜੇ ਕੱਢਣ ਤੋਂ ਇਲਾਵਾ ਇਹ

### ਕਿਵੇਂ ਬੀਤੇਗਾ, ਇਲੈਕਸ਼ਨ 2019 ਦਾ ਆਖਰੀ ਹਫਤਾ ਤੇ ਪੌਗਰੈਸਿਵ ਵੋਟਰਾਂ ਨੂੰ ਸੁਨੇਹਾ

ਡਰਾਵਾ ਦਿੱਤਾ ਜਾਵੇਗਾ ਕਿ ਜੇਕਰ ਪੌਰਗਰੈਸਿਵ ਵੋਟਰਾਂ ਨੇ ਆਪਣੀ ਵੋਟ ਦਾ ਸਹੀ ਇਸਤੇਮਾਲ (ਯਾਨਿ ਐਨ ਡੀ ਪੀ ਜਾਂ ਗਰੀਨ ਪਾਰਟੀ ਦੇ ਹੱਕ ਵਿਚ ਪਾ ਦਿੱਤਾ) ਕੀਤਾ ਤਾਂ ਐਂਡਰੀਓ ਸ਼ੀਅਰ ਦੀ ਅਗਵਾਈ ਵਾਲੀ ਪੀ ਸੀ ਪਾਰਟੀ ਸੱਤਾ ਵਿਚ ਆ ਜਾਵੇਗੀ । ਕੰਜ਼ਰਵੇਟਿਵ ਅਤੇ ਨਵੀਂ ਬਣੀ ਸੱਜੇ-ਪੱਖੀ, ਪੀਪਲਜ਼ ਪਾਰਟੀ ਇਹ ਬਹਿਸ ਕਰੇਗੀ ਕਿ ਅਸਲ ਮਾਅਨਿਆਂ ਵਿਚ ਉਹ ਕੰਜ਼ਰਵੇਟਿਵ ਸੋਚ ਦੇ ਰਖਵਾਲੇ ਹਨ ਅਤੇ ਸੱਜੇ-ਪੱਖੀ ਵਿਚਾਰਧਾਰਾ ਵਾਲੇ ਵੋਟ ਦੇ ਉਹ ਹੀ ਹੱਕਦਾਰ ਹਨ । ਐਨ ਡੀ ਪੀ ਦੇ ਜਗਮੀਤ ਸਿੰਘ ਵਲੋਂ ਇਹ ਜੋਰ ਦਿੱਤਾ ਜਾਵੇਗਾ ਕਿ ਅਸਲ ਮਾਅਨਿਆਂ ਵਿਚ ਉਨ੍ਹਾਂ ਦੀ ਪਾਰਟੀ ਹੀ ਅਸਲ ਪ੍ਰਗਤੀ-ਵਾਦੀ ਸੋਚ ਦੀ ਪਹਿਰੇਦਾਰ ਹੈ ਅਤੇ ਉਹ ਇਹ ਯਾਦ ਕਰਵਾਂਉਦੇ ਰਹਿਣਗੇ ਕਿ " ਇਲੈਕਸ਼ਨ ਕੈਮਪੇਨ ਦੌਰਾਨ ਲਿਬਰਲ ਪਾਰਟੀ ਆਪਣੇ ਆਪ ਨੂੰ ਲੋਕ-ਹਿੱਤੂ ਹੋਣ ਦਾ ਦਾਅਵਾ 'ਤੇ ਪ੍ਰਚਾਰ ਕਰਦੀ ਹੈ ਜਦੋਂ ਕਿ ਸੱਤਾ ਵਿਚ ਆਣ ਕੇ ਉਹ ਕੰਜ਼ਰਵੇਟਿਵ ਪਾਰਟੀ ਵਰਗਾ ਰੂਪ ਧਾਰ ਕਰ ਜਾਂਦੇ ਹਨ "। ਜਗਮੀਤ ਸਿੰਘ ਅਤੇ ਐਨ ਡੀ ਪੀ ਵਲੋਂ ਇਹ ਵੀ ਯਾਦ ਕਰਵਾਇਆ ਜਾਵੇਗਾ ਕਿ ਕੈਨੇਡਾ ਵਿਚ ਪਬਲਿਕ ਹੈਲਥ ਕੇਅਰ ਨੂੰ ਲਿਆਉਣ ਤੋਂ ਇਲਾਵਾ ਕੈਨੇਡਾ ਪੈਨਸਖਨ ਪਲੈਨ, ਗਰੈਂਟੀਡ ਇਨਕਮ ਸਪਲੀਮੈਂਟ ਵਰਗੇ ਸੋਸ਼ਲ ਪ੍ਰੋਗਰਮ 1960ਵਿਆਂ ਦੇ ਦੌਰ ਦੌਰਾਨ ਉਸ ਵਕਤ ਹੀ ਸੰਭਵ ਹੋਏ ਸਨ ਜਦੋਂ ਕੈਨੇਡਾ ਵਿਚ ਲਿਬਰਲ ਪਾਰਟੀ ਦੀ ਘੱਟ-ਗਿਣਤੀ ਸਰਕਾਰ ਨੂੰ ਐਨ ਡੀ ਪੀ ਦੇ ਸਹਾਰੇ ਦੀ ਲੋੜ ਸੀ । ਇਸੇ ਤਰ੍ਹਾਂ ਗਰੀਨ ਪਾਰਟੀ ਦੀ ਲੀਡਰ ਇਲਿਜ਼ਬੈਥ ਮੇਅ ਦੀ ਵੱਧੀ ਮਕਬੂਲੀਅਤ ਇਸ ਗੱਲ ਦਾ ਇਸ਼ਾਰਾ ਹੈ ਕਿ ਕਈ ਯੂਰਪੀਅਨ ਦੇਸ਼ਾਂ ਦੀ ਤਰ੍ਹਾਂ ਸਾਡੇ ਮੁਲਕ ਕੈਨੇਡਾ ਦੇ ਵੋਟਰ ਵੀ " ਆਮ ਰਵਾਇਤੀ ਰਾਜਨੀਤੀ " ਤੋਂ ਉਕਤਾ ਚੁੱਕੇ ਹਨ ਅਤੇ ਉਹ ਕਿਸੇ ਬਦਲ ਦੀ ਭਾਲ ਵਿਚ ਹਨ ।

ਟਰੂਡੋ ਸਰਕਾਰ ਵਲੋਂ ਆਪਣੇ ਪਿਛਲੇ 4 ਸਾਲ ਦੇ ਅਰਸੇ ਦੌਰਾਨ ਵਖਾਏ ਵੱਖਰੇ ਰੰਗ-ਢੰਗ ਅਤੇ ਜਿਨ੍ਹਾਂ ਇਲਾਕੇਆਂ ਵਿਚ ਸਾਡਾ ਆਪਣਾ ਭਾਈਚਾਰਾ ਪ੍ਰਭਾਵਸ਼ਾਲੀ ਸ਼ਕਤੀ ਰੱਖਦਾ ਹੈ, ਉਨ੍ਹਾਂ ਇਲਾਕੇਆਂ ਦੇ ਵੋਟਰ ਇਸ ਵਕਤ 2004 ਜਾਂ 2011 ਵਾਲੀ ਸਥਿਤੀ ਵਿਚ ਹਨ । ਇਸ ਵਕਤ 2004 ਅਤੇ 2011 ਦੀ ਤਰ੍ਹਾਂ ਨਤੀਜੇਆਂ ਦੀ ਤਰ੍ਹਾਂ ਕੁਝ ਵੀ ਕਹਿਣਾ ਮੁਸ਼ਕਲ ਹੈ । 2015 ਵਿਚ ਕੈਨੇਡੀਅਨ ਵੋਟਰ, ਸਟੀਫਨ ਹਾਰਪਰ ਦੀ ਅਗਵਾਈ ਹੇਠਲੀ ਪਾਰਟੀ ਨੂੰ ਸਬਕ ਸਿਖਾਉਣ ਦੇ ਮੂਡ ਵਿਚ ਸਨ ਪਰ ਇਸ ਵਾਰ ਜਿਥੇ ਉਹ ਜਸਟਿਨ ਟਰੂਡੋ ਦੀ ਪਾਰਟੀ ਵਲੋਂ ਹਾਥੀ ਦੰਦਾਂ ਸਦਕਾ ਅਤੇ ਇਸ ਪਾਰਟੀ ਦੇ ਕੁਝ ਐਮ ਪੀ/ਮੰਤਰੀਆਂ ਵਲੋਂ ਸੱਤਾ ਦੇ ਸਰੂਰ ਵਿਚ ਆਏ ਹੰਕਾਰ ਤੋਂ ਇਸ ਪਾਰਟੀ ਨੂੰ ਸਬਕ ਸਿਖਾਉਣ ਦੇ ਮੂਡ ਵਿਚ ਉਥੇ ਉਹ ਐਂਡਰੀਓ ਸ਼ੀਅਰ ਦੀ ਲੀਡਰਸ਼ਿੱਪ ਪ੍ਰਤੀ ਵੀ ਭਿੱਜ ਨਹੀਂ ਰਹੇ । ਅਜਿਹੇ ਮਾਹੌਲ ਵਿਚ ਘੱਟ-ਗਿਣਤੀ ਸਰਕਾਰ ਹੀ ਸਭ ਤੋਂ ਵਧੀਆ ਹੱਲ ਹੈ ਤਾਂ ਜੋ ਕਿਸੇ ਵੀ ਪਾਰਟੀ ਨੂੰ ਅਗਲੇ ਚਾਰ ਸਾਲ ਲਈ ਮਨ-ਮਰਜ਼ੀਆਂ ਕਰਨ ਦਾ ਲਾਇਸੈਂਸ ਨਾਂ ਮਿਲ ਸਕੇ । ਘੱਟ-ਗਿਣਤੀ ਸਰਕਾਰ ਨਾਲ ਇਕ ਤਾਂ ਇਹ ਸੰਭਵ ਹੈ ਕਿ ਅਗਲੀ ਇਲੈਕਸ਼ਨ ਦੋ ਕੁ ਸਾਲ ਨੂੰ ਦੁਬਾਰਾ ਆਵੇਗੀ ਅਤੇ ਲੋਕਾਂ ਤੋਂ ਟੁੱਟ ਰਹੇ ਰਾਜਨੀਤਕਾਂ ਨੂੰ ਧਰਤੀ ਉਪਰ ਵਿਚਰਣ ਦਾ ਅਤੇ ਧਰਤੀ ਦੇ ਲੋਕਾਂ ਦੀਆਂ ਮੁਸ਼ਕਲਾਵਾਂ ਦਾ ਗਿਆਨ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ ।

# ਨੌਜਵਾਨਾਂ ਵਿੱਚ ਸੰਸਕਾਰਾਂ ਅਤੇ ਸਹਿਣਸ਼ੀਲਤਾ ਦੀ ਘਾਟ

-ਡਾਕਟਰ ਮਨੋਜ ਡੋਗਰਾ-

ਅੱਖਾਂ ਵਿੱਚ ਉਮੀਦ ਦੇ ਸੁਫਨੇ, ਨਵੀਂ ਉਡਾਣ ਭਰਦਾ ਹੋਇਆ ਮਨ, ਕੁਝ ਕਰ ਕੇ ਦਿਖਾਉਣ ਦਾ ਦਮ-ਖਮ ਅਤੇ ਦੁਨੀਆ ਨੂੰ ਆਪਣੀ ਮੁੱਠੀ 'ਚ ਕਰਨ ਦੀ ਹਿੰਮਤ ਰੱਖਣ ਵਾਲਾ ਹੀ ਨੌਜਵਾਨ ਕਹਾਉਂਦਾ ਹੈ। ਨੌਜਵਾਨ ਸ਼ਬਦ ਹੀ ਮਨ ਵਿੱਚ ਉਡਾਣ ਤੇ ਉਮੰਗ ਪੈਦਾ ਕਰਦਾ ਹੈ। ਉਮਰ ਦਾ ਇਹੋ ਦੌਰ ਹੈ, ਜਦੋਂ ਨਾ ਸਿਰਫ ਉਸ ਨੌਜਵਾਨ ਦਾ, ਸਗੋਂ ਉਸ ਦੇ ਰਾਸ਼ਟਰ ਦਾ ਭਵਿੱਖ ਤੈਅ ਕੀਤਾ ਜਾ ਸਕਦਾ ਹੈ।

ਅੱਜ ਦੇ ਭਾਰਤ ਨੂੰ ਨੌਜਵਾਨ ਭਾਰਤ ਕਿਹਾ ਜਾਂਦਾ ਹੈ ਕਿਉਂਕਿ ਸਾਡੇ ਦੇਸ਼ ਵਿੱਚ ਅਸੰਭਵ ਨੂੰ ਸੰਭਵ ਵਿੱਚ ਬਦਲਣ ਵਾਲੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਅੱਜ ਦਾ ਇੱਕ ਸੱਚ ਇਹ ਵੀ ਹੈ ਕਿ ਨੌਜਵਾਨ ਬੜੀ ਮਨਮਰਜ਼ੀ ਕਰਦੇ ਹਨ ਤੇ ਕਿਸੇ ਦੀ ਸੁਣਦੇ ਨਹੀਂ। ਨੌਜਵਾਨਾਂ ਵਿੱਚ ਸੰਸਕਾਰਾਂ ਤੇ ਸਹਿਣਸ਼ੀਲਤਾ ਦੀ ਕਮੀ ਨਜ਼ਰ ਆਉਂਦੀ ਹੈ। ਅੱਜ ਦਾ ਨੌਜਵਾਨ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਦਿਸ਼ਾਹੀਣਤਾ ਦੀ ਇਸ ਸਥਿਤੀ 'ਚ ਨੌਜਵਾਨਾਂ ਦੀ ਊਰਜਾ ਦਾ ਨਾਂਹ ਪੱਖੀ ਦਿਸ਼ਾਵਾਂ ਵੱਲ ਜਾਣਾ ਅਤੇ ਭਟਕਣਾ ਵਧਦੀ ਜਾਂਦੀ ਹੈ। ਟੀਚੇ ਦੀ ਹੀਣਤਾ ਦੇ ਮਾਹੌਲ ਨੇ ਨੌਜਵਾਨਾਂ ਨੂੰ ਇੰਨਾ ਭਰਮਾ ਕੇ ਰੱਖ ਦਿੱਤਾ ਹੈ ਕਿ ਉਨ੍ਹਾਂ ਨੂੰ ਸੁੱਝ ਹੀ ਨਹੀਂ ਰਿਹਾ ਕਿ ਕਰਨਾ ਕੀ ਹੈ, ਕੀ ਹੋ ਰਿਹਾ ਅਤੇ ਆਖਰ ਉਨ੍ਹਾਂ ਦਾ ਹੋਵੇਗਾ ਕੀ?

ਅੱਜ ਨੌਜਵਾਨਾਂ 'ਚ ਸੰਜਮ ਦੀ ਘਾਟ, ਆਤਮ-ਕੇਂਦਰਿਤ, ਨਸ਼ਾ, ਲਾਲਚ, ਹਿੰਸਾ, ਕਾਮੁਕਤਾ ਉਨ੍ਹਾਂ ਦੇ ਸੁਭਾਅ ਦਾ ਅੰਗ ਬਣਦੇ ਜਾਂਦੇ ਹਨ। ਇਹ ਬੜੀ ਚਿੰਤਾ ਦਾ ਵਿਸ਼ਾ ਹੈ, ਪਰ ਸਮੱਸਿਆ ਦੀ ਤੈਅ ਤੱਕ ਜੇ ਜਾਓ ਤਾਂ ਪਹਿਲਾ ਅਪਰਾਧ ਮਾਤਾ-ਪਿਤਾ ਤੇ ਰਿਸ਼ਤੇਦਾਰਾਂ ਦਾ ਹੈ। ਕਾਰੋਬਾਰੀ ਰੁਝੇਵੇਂ, ਵ੍ਹਟਸਐਪ, ਫੇਸਬੁਕ 'ਤੇ ਉਲਝੇ ਰਹਿਣ ਨਾਲ ਨੌਜਵਾਨਾਂ ਵੱਲ ਧਿਆਨ ਕੇਂਦਰਿਤ ਨਹੀਂ ਕਰ ਰਹੇ। ਮਾਪੇ ਉਨ੍ਹਾਂ ਦੀ ਹਰ ਜਾਇਜ਼ ਜਾਂ ਨਾਜਾਇਜ਼ ਮੰਗ ਨੂੰ ਪੂਰਾ ਕਰ ਦਿੰਦੇ ਹਨ।

ਦੂਜਾ ਸਭ ਤੋਂ ਵੱਡਾ ਜ਼ਿੰਮੇਵਾਰ ਅੱਜ ਦਾ ਸਮਾਜ ਹੈ, ਜਿਸ ਦੇ ਲਈ ਹਰ ਵਿਅਕਤੀ ਆਪਣਾ ਆਰਥਿਕ ਯੋਗਦਾਨ ਨਾਂਅ ਲਈ ਦਿੰਦਾ ਹੈ, ਪਰ ਨੌਜਵਾਨਾਂ ਦੇ ਮੋਟੀਵੇਸ਼ਨ ਲਈ ਕੁਝ ਨਹੀਂ ਕੀਤਾ ਜਾਂਦਾ। ਲੋੜ ਹੈ ਮਾਪੇ ਅਤੇ ਸਮਾਜ ਅੱਜ ਦੇ ਨੌਜਵਾਨਾਂ ਨੂੰ ਨਾਲ ਲੈ ਕੇ ਅਜਿਹੇ ਆਯੋਜਨ ਕਰਨ, ਜਿਨ੍ਹਾਂ ਨਾਲ ਨੌਜਵਾਨਾਂ ਵਿੱਚ ਚੰਗੇ ਸੰਸਕਾਰ ਪੈਦਾ ਹੋਣ। ਨੌਜਵਾਨ ਸੰਸਕਾਰੀ ਹੋਣਗੇ ਤਾਂ ਦੇਸ਼, ਸਮਾਜ ਦਾ ਭਵਿੱਖ ਉਜਵਲ ਹੋਵੇਗਾ। ਹੁੰਦਾ ਇਸ ਦੇ ਉਲਟ ਹੈ। ਅੱਜ ਦਾ ਨੌਜਵਾਨ ਖੁਦ ਦੀ ਸਮਰੱਥਾ ਨੂੰ ਪਛਾਣ ਨਹੀਂ ਰਿਹਾ। ਉਸ ਵਿੱਚ ਸਹਿਣਸ਼ੀਲਤਾ ਦੀ ਕਮੀ ਨਜ਼ਰ ਆਉਂਦੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਮਾਪਿਆਂ ਦਾ ਬੱਚਿਆਂ ਵੱਲ ਧਿਆਨ ਨਾ ਦੇਣਾ ਹੈ। ਕਈ ਮਾਪੇ ਬੱਚਿਆਂ 'ਤੇ ਪੜ੍ਹਾਈ ਦਾ ਦਬਾਅ ਬਣਾ ਰੱਖਦੇ ਹਨ, ਸਿਰਫ ਪੜ੍ਹਾਈ-ਪੜ੍ਹਾਈ ਦੀ ਰਟ ਲਾਈ ਜਾਂਦੇ ਹਨ ਅਤੇ ਬੱਚਾ ਸਮਾਜ ਤੋਂ ਟੁੱਟ ਜਾਂਦਾ ਹੈ, ਉਸ ਵਿੱਚ ਸੰਸਕਾਰਾਂ ਦਾ ਵਿਕਾਸ ਨਹੀਂ ਹੁੰਦਾ। ਉਹ ਸਿਰਫ ਕਿਤਾਬੀ ਕੀੜਾ ਬਣ ਕੇ ਰਹਿ ਜਾਂਦਾ ਹੈ। ਉਸ ਨੂੰ ਅਸਲ ਜ਼ਿੰਦਗੀ ਦੀ ਜਾਣਕਾਰੀ ਨਹੀਂ ਹੁੰਦੀ, ਉਹ ਸਿਰਫ ਕਿਤਾਬਾਂ ਤੱਕ ਸੀਮਿਤ ਰਹਿੰਦਾ ਹੈ। ਕਈ ਵਾਰ ਤਾਂ ਮਾਪੇ ਬੱਚਿਆਂ 'ਤੇ ਇੰਨਾ ਦਬਾਅ ਬਣਾ ਦਿੰਦੇ ਹਨ ਕਿ ਜੇ ਉਹ ਉਨ੍ਹਾਂ ਦੀ ਇੱਛਾ ਮੁਤਾਬਕ ਨਤੀਜੇ ਨਹੀਂ ਦਿੰਦੇ ਤਾਂ ਬੱਚੇ ਕਈ ਵਾਰ ਘਰ ਵਾਲਿਆਂ ਦੇ ਡਰ ਨਾਲ ਮਾਨਸਿਕ ਤਣਾਅ ਵਿੱਚ ਚਲੇ ਜਾਂਦੇ ਹਨ ਅਤੇ ਉਸ 'ਚੋਂ ਬਾਹਰ ਨਹੀਂ ਨਿਕਲਦੇ। ਕਈ ਵਾਰ ਤਾਂ ਹਾਲਤ ਖੁਦਕੁਸ਼ੀ ਤੱਕ ਚਲੀ ਜਾਂਦੀ ਹੈ।

ਸੰਸਕਾਰਾਂ ਨਾਲ ਵਿਅਕਤੀ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਜੇ ਦੇਸ਼ ਦਾ ਨੌਜਵਾਨ ਵਰਗ ਮਜ਼ਬੂਤ ਨਹੀਂ ਹੋਵੇਗਾ ਤਾਂ ਰਾਸ਼ਟਰ ਮਜ਼ਬੂਤ ਨਹੀਂ ਹੋਵੇਗਾ। ਇਸੇ ਕੜੀ ਵਿੱਚ ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਦੇਸ਼ ਦੇ ਨੌਜਵਾਨਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਸੀ ਕਿ ਬੱਚਿਆਂ ਨੂੰ ਪ੍ਰੀਖਿਆ ਦੇ ਸਮੇਂ ਜ਼ਿਆਦਾ ਤਣਾਅ ਨਹੀਂ ਲੈਣਾ ਚਾਹੀਦਾ। ਇਸ ਦੇ ਨਾਲ ਉਨ੍ਹਾਂ ਨੇ ਮਾਪਿਆਂ ਨੂੰ ਵੀ ਬੱਚਿਆਂ ਲਈ ਅਜਿਹਾ ਮਾਹੌਲ ਤਿਆਰ ਕਰਨ ਲਈ ਕਿਹਾ ਸੀ, ਜਿਸ ਨਾਲ ਉਹ ਖੁਦ ਨੂੰ ਇਕੱਲਾ ਤੇ ਦਬਾਅ 'ਚ ਮਹਿਸੂਸ ਨਾ ਕਰਨ। ਉਨ੍ਹਾਂ ਦੱਸਿਆ ਸੀ ਕਿ ਨੌਜਵਾਨਾਂ ਨੂੰ ਖੁਦ ਦੀ ਤਾਕਤ ਨੂੰ ਪਛਾਣ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਮਜ਼ਬੂਤ ਇਰਾਦੇ ਰੱਖਣੇ ਚਾਹੀਦੇ ਹਨ।

ਸਰਕਾਰ ਨੇ ਇਸ ਸਾਲ 'ਫਿੱਟ ਇੰਡੀਆ ਮੂਵਮੈਂਟ' ਵੀ ਲਾਂਚ ਕੀਤੀ ਸੀ, ਜਿਸ ਨਾਲ ਨੌਜਵਾਨ ਗਲਤ ਰਾਹ 'ਤੇ ਨਾ ਜਾਵੇ। ਸਰਕਾਰ ਸਮੇਂ-ਸਮੇਂ 'ਤੇ ਇਸ ਖੇਤਰ ਵਿੱਚ ਕੰਮ ਕਰ ਰਹੀ ਹੈ, ਪਰ ਸਥਾਨਕ ਪੱਧਰ 'ਤੇ ਵੀ ਕੁਝ ਮਹੱਤਵ ਪੂਰਨ ਕਦਮ ਚੁੱਕਣ ਦੀ ਲੋੜ ਹੈ, ਜਿਵੇਂ ਪੰਚਾਇਤ ਪੱਧਰ 'ਤੇ ਨੌਜਵਾਨਾਂ ਲਈ ਮਨੋਰੰਜਕ ਪ੍ਰੋਗਰਾਮ ਰੱਖਣੇ ਚਾਹੀਦੇ ਹਨ। ਸਮੇਂ ਸਮੇਂ 'ਤੇ ਖੇਡ ਮੁਕਾਬਲੇ ਕਰਵਾਉਣੇ ਚਾਹੀਦੇ ਹਨ, ਜਿਮਨੇਜ਼ੀਅਮ ਦੀ ਵਿਵਸਥਾ ਕਰਨੀ ਚਾਹੀਦੀ ਹੈ।

ਜੇ ਇਹ ਵਿਵਸਥਾ ਹੋਵੇ ਤਾਂ ਸੰਭਵ ਹੈ ਕਿ ਨੌਜਵਾਨ ਵਰਗ ਤਣਾਅ, ਦਬਾਅ ਤੋਂ ਮੁਕਤ ਹੋਵੇਗਾ, ਵਰਨਾ ਅਖਬਾਰਾਂ ਵਿੱਚ ਇਹ ਖਬਰਾਂ ਆਮ ਹੋ ਗਈਆਂ ਹਨ ਕਿ "ਪ੍ਰੀਖਿਆ ਦੇ ਨਤੀਜੇ 'ਚ ਫੇਲ ਹੋਣ 'ਤੇ ਵਿਦਿਆਰਥੀ ਜਾਂ ਵਿਦਿਆਰਥਣ ਨੇ ਲਗਾਈ ਫਾਂਸੀ" ਜਾਂ ਮਾਪਿਆਂ ਨੇ ਫੋਨ ਚਲਾਉਣ ਤੋਂ ਰੋਕਿਆ ਤਾਂ ਦੇ ਦਿੱਤੀ ਜਾਨ। ਆਖਰ ਦੇਸ਼ ਦੇ ਨੌਜਵਾਨਾਂ ਨੂੰ ਕੀ ਹੋ ਗਿਆ ਹੈ? ਕੁਝ ਲਾਪਰਵਾਹੀ ਮਾਪਿਆਂ ਦੀ ਵੀ ਹੈ, ਜਿਹੜੇ ਬੱਚਿਆਂ ਵੱਲ ਧਿਆਨ ਨਹੀਂ ਦਿੰਦੇ ਜਾਂ ਫਿਰ ਉਨ੍ਹਾਂ 'ਤੇ ਲੋੜ ਤੋਂ ਵੱਧ ਪਾਬੰਦੀ ਲਾ ਦਿੰਦੇ ਹਨ। ਕਿਤੇ ਨਾ ਕਿਤੇ ਇਹੋ ਕਾਰਨ ਹੈ ਕਿ ਅੱਜ ਦੇ ਨੌਜਵਾਨਾਂ ਵਿੱਚ ਸੰਸਕਾਰਾਂ ਤੇ ਸਹਿਣਸ਼ੀਲਤਾ ਦੀ ਕਮੀ ਦੇਖਣ ਨੂੰ ਮਿਲਦੀ ਹੈ।

## ਹਲਕਾ ਫੁਲਕਾ

ਅੱਧੀ ਰਾਤ ਸਮੇਂ ਆਪਣੇ ਲੇਖਕ ਪਤੀ ਨੂੰ ਬੇਚੈਨੀ ਨਾਲ ਇਧਰ-ਉਧਰ ਟਹਿਲਦੇ ਦੇਖ ਪਤਨੀ ਨੇ ਪੁੱਛਿਆ, "ਕੀ ਗੱਲ ਹੈ ਜੀ! ਕਿਉਂ ਜਾਗ ਰਹੇ ਹੋ?"
ਚਮਨ, "ਮੈਨੂੰ ਆਪਣੇ ਨਵੇਂ ਨਾਵਲ ਲਈ ਕੋਈ ਨਾਂਅ ਨਹੀਂ ਲੱਭ ਰਿਹਾ।"
ਪਤਨੀ, "ਇਸ 'ਚ ਕੀ ਹੈ? ਮੈਂ ਦੱਸ ਦਿੰਦੀ ਹਾਂ।"
ਚਮਨ, "ਦੱਸ।"
ਪਤਨੀ, "ਕੀ ਉਸ 'ਚ ਕਿਤੇ ਢੋਲ ਸ਼ਬਦ ਆਇਆ ਹੈ?"
ਚਮਨ, "ਨਹੀਂ।"
ਪਤਨੀ, "...ਤਾਂ ਕੀ ਉਸ 'ਚ ਕਿਤੇ ਨਗਾਰਾ ਸ਼ਬਦ ਆਇਆ ਹੈ?"
ਚਮਨ, "ਨਹੀਂ।"
ਪਤਨੀ, "ਤਾਂ ਫਿਰ ਨਾਵਲ ਦਾ ਨਾਂਅ ਰੱਖ ਦਿਓ-ਨਾ ਢੋਲ, ਨਾ ਨਗਾਰਾ।"

*********

ਪਤੀ, "ਕਿੱਥੇ ਗਈ ਸੀ?"
ਪਤਨੀ, "ਖੂਨਦਾਨ ਕਰਨ ਗਈ ਸੀ।"
ਪਤੀ, "ਪੀਂਦੀ ਸੀ, ਉਸ ਵੇਲੇ ਤੱਕ ਤਾਂ ਠੀਕ ਸੀ। ਵੇਚਣ ਵੀ ਲੱਗ ਪਈ ਏਂ?"

*********

ਔਰਤ (ਗੁਆਂਢਣ ਨੂੰ), "ਤੈਨੂੰ ਪਤਾ ਹੈ, ਮੇਰੇ ਪਤੀ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਉਹ ਖਰਾਬ ਤੋਂ ਖਰਾਬ ਚੀਜ਼ ਦੀ ਵੀ ਖੂਬ ਵਧਾ-ਚੜ੍ਹਾ ਕੇ ਪ੍ਰਸ਼ੰਸਾ ਕਰਦੇ ਹਨ।"
ਗੁਆਂਢਣ ਮੁਸਕਰਾ ਕੇ ਬੋਲੀ, "ਬਿਲਕੁਲ ਸਹੀ ਕਹਿ ਰਹੀ ਏਂ ਭੈਣੇ, ਤਾਂ ਹੀ ਉਹ ਮੇਰੇ ਘਰ ਆ ਕੇ ਹਮੇਸ਼ਾ ਤੇਰੀਆਂ ਤਾਰੀਫਾਂ ਦੇ ਪੁਲ ਬੰਨ੍ਹਿਆ ਕਰਦੇ ਹਨ।"




# ਪੰਜਾਬੀ ਬੋਲੀ ਦੇ ਮਹਾਨ ਉਸਰਈਏ ਗੁਰੂ ਨਾਨਕ ਦੇਵ ਜੀ ਦੀ ਪੰਜਾਬੀ ਬੋਲੀ ਲਈ ਸਾਹਿਤਕ ਦੇਣ



ਜਗਦੀਸ਼ ਸਿੰਘ ਚੋਹਕਾ

ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮਰਪਤ

ਪੰਜਾਬ, ਸਾਂਝੇ ਸਭਿਆਚਾਰ ਦਾ ਇੱਕ ਭੰਡਾਰਾ ਹੈ, ਜਿਸ ਦੀ ਰੂਹ ਅੰਦਰ ਸਾਰੇ ਸੰਸਕਾਰਾਂ ਦਾ ਗਿਆਨ ਮਿਲਦਾ ਹੈ। ਪੰਜਾਬੀਆਂ ਅੰਦਰ ਦਿਮਾਗੀ-ਉੱਚਤਮਤਾ, ਮਨੋਵਿਗਿਆਨਕ ਸੂਝ-ਬੂਝ ਅਤੇ ਆਚਰਣਤਾ ਤੇ ਪ੍ਰੇਮ-ਭਾਵਨਾ ਦੇਖਣੀ ਹੋਵੇ, ਤਾਂ ਇੱਥੋਂ ਦੀ ਮਾਂ-ਬੋਲੀ ਪੰਜਾਬੀ ਨੂੰ ਨਿੱਠ ਕੇ ਪਿਆਰ ਕਰਨਾ ਪਏਗਾ ? ਇਸ ਖਿਤੇ ਦੇ ਲੋਕਾਂ ਨੇ ਧੁਰ-ਮੁੱਢ ਤੋਂ ਆਪਣੇ ਸਥੂਲ ਅਤੇ ਪਦਾਰਥਕ ਭੌਤਿਕ-ਜੀਵਨ ਨੂੰ ਸੁੱਖੀ ਬਣਾਉਣ ਲਈ ਅਤੇ ਰਹਿਣ-ਸਹਿਣ ਦੇ ਪੱਧਰ ਨੂੰ ਉੱਚਾ ਕਰਨ ਲਈ, ਜੋ-ਜੋ ਸਾਧਨ ਅਤੇ ਯਤਨ ਕੀਤੇ ਹਨ, 'ਉਨ੍ਹਾਂ ਦੇ ਪਾਧਾਰ ਅਤੇ ਸੰਚਾਰ ਲਈ ਪੰਜਾਬੀ ਬੋਲੀ ਦੀ ਹੀ ਮੁੱਖ ਦੇਣ ਹੈ। ਸਮਾਜਕ ਜ਼ਿੰਦਗੀ ਅੰਦਰ, ਪਰਿਵਾਰ, ਵਿਆਹ-ਪ੍ਰਥਾ, ਘਰ-ਬਾਰ, ਖੇਤੀ, ਪਸ਼ੂ ਧਨ, ਵਣਜ-ਵਪਾਰ, ਮੁਦਰਾ-ਸਿੱਕੇ , ਭਾਵੁਕ ਜ਼ਿੰਦਗੀ, ਪੂਜਾ-ਪ੍ਰਤਿਸ਼ਠਾ, ਸ਼ਿਲਪ, ਮੂਰਤੀ ਕਲਾ, ਕਲਾਵਾਂ, ਧਾਰਮਿਕ-ਉਦਾਰਤਾ, ਬੌਧਿਕ-ਫਲਸਫ਼ਾ, ਸਿੱਖਿਆ, ਵਿੱਦਿਆ, ਵਿਗਿਆਨ, ਪ੍ਰਾਪਤੀਆਂ ਅਤੇ ਉਪਲੱਬਧੀਆਂ, ਸਾਹਿਤ, ਭਾਸ਼ਾ, ਲੋਕ-ਰੰਜਨ, ਸੰਗੀਤ, ਕਥਾ-ਵਾਰਤਾ ਨੂੰ ਸਮਝਣਾ ਮਹਿਸੂਸ ਕਰਨਾ, ਪ੍ਰਗਟ ਕਰਨਾ ਹੋਵੇ ਤਾਂ ਤੁਹਾਡੀ ਮਾਂ ਬੋਲੀ ਤੋਂ ਬਿਨ੍ਹਾਂ ਤੁਹਾਡਾ ਜੀਵਨ ਸੰਪੂਰਨ ਅਤੇ ਸਿਸ਼ਟਾਰੀ ਨਹੀਂ ਹੋ ਸੱਕੇਗਾ ? ਪੰਜਾਬ ਦੀ ਧਰਤੀ ਇੱਕ ਅਜਿਹੀ ਕੁਠਾਈ ਹੈ, ਜਿਸ ਵਿੱਚ ਵੱਖ-ਵੱਖ ਸੱਭਿਆਚਾਰਿਕ ਅੰਸ਼ ਮਿਲ ਕੇ ਇੱਕ ਸ਼ਕਤੀਸ਼ਾਲੀ ਪੰਜਾਬੀ ਬੋਲੀ ਦੀ ਅਕਸੀਰ ਬਣੇ ਹਨ !

ਇਤਿਹਾਸਕ ਵਿਕਾਸ ਦੇ ਪੱਖ ਤੋਂ ਪੰਜਾਬ, 'ਖਾਸ ਕਰਕੇ ਪ੍ਰਾਚੀਨ ਪੰਜਾਬ ਦੇ ਇਤਿਹਾਸ ਨੂੰ ਹੇਠ ਲਿਖੇ ਯੁੱਗਾਂ ਵਿੱਚ ਵੰਡਿਆਂ ਜਾ ਸਕਦਾ ਹੈ। ਜਿਨ੍ਹਾਂ ਰਾਹੀਂ ਗੁਜ਼ਰ ਕੇ ਮਾਂ ਬੋਲੀ, ਪੰਜਾਬੀ (ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ) ਦੁਨੀਆਂ ਦੇ ਨਕਸ਼ੇ ਅੰਦਰ, 'ਆਪਣਾ ਸ਼ਾਨਾਮਤਾ ਇਤਿਹਾਸ, ਸਾਹਿਤ ਅਤੇ ਅਮਰੀ ਸੱਭਿਆਚਾਰ, ਗੁਰਮੁੱਖੀ ਅਤੇ ਸ਼ਾਹ ਮੁੱਖੀ ਲਿੱਪੀ ਵਿੱਚ, ਇਤਿਹਾਸਕ ਵਿਲੱਖਣਤਾ ਦੀ ਧਾਰਣੀ ਬਣ ਕੇ, 'ਅੱਗੇ ਵਧ ਰਹੀ ਹੈ। ਪੂਰਬ-ਹੜੱਪਾ ਯੁੱਗ ਦਾ ਪੰਜਾਬ, ਹੜੱਪਾ ਯੁੱਗ, ਰਿਗਵੇਦ, ਮਹਾਂ-ਭਾਰਤ, ਰਾਮ-ਾਇਣ, ਪਾਨਿ ਨਿਕਾਲੀਨ, ਤਕਸ਼ਸ਼ਿਲਾ, ਪੰਜਾਬ ਦਾ ਇਰਾਨੀ-ਯੁੱਗ, ਯੂਨਾਨੀ, ਚੰਦਰਗੁਪਤ ਤੇ ਅਸ਼ੋਕ, ਇਸਲਾਮੀ, ਪੰਜਾਬ ਦਾ ਨਾਨਕ ਯੁੱਗ, ਰਣਜੀਤ ਸਿੰਘ, ਬਸਤੀਵਾਦੀ ਅਤੇ ਹੁਣ ਦਾ ਸੁਤੰਤਰਤਾ-ਯੁੱਗ ਦਾ ਪੰਜਾਬ, 'ਜਿਨ੍ਹਾਂ ਵੱਖ-ਵੱਖ ਯੁੱਗਾਂ ਦੀਆਂ ਮਹਾਨਤਾਵਾਂ ਰਾਹੀਂ ਮਾਂ ਬੋਲੀ ਪੰਜਾਬੀ, 'ਅੱਜ ਦੀ ਇਤਿਹਾਸਕ ਅਵੱਸਥਾ 'ਚ ਪੁੱਜੀ ਹੈ ! ਅਸੀ ਇੱਥੇ ਪੰਜਾਬ ਦੇ ਨਾਨਕ-ਯੁੱਗ ਅੰਦਰ, 'ਗੁਰੂ ਨਾਨਕ ਦੇਵ ਜੀ ਦੇ ਸਮੇਂ ਦੌਰਾਨ ਉਨ੍ਹਾਂ ਦੀ ਪੰਜਾਬੀ ਬੋਲੀ ਲਈ ਤੇ ਸਾਹਿਤਕ ਬੌਧਿਕਤਾ ਲਈ ਦੇਣ, 'ਇੱਕ ਚਿੰਤਨ, ਦਾ ਸੰਖੇਪ ਜਿਹਾ ਵਰਣਨ ਕਰਨ ਦਾ ਉਪਰਾਲਾ ਕਰਾਂਗੇ !

ਮਨੁੱਖੀ ਵਿਕਾਸ ਦੇ ਵਿਕਸਤ ਹੋਣ ਨਾਲ ਧਰਤੀ ਦੇ ਵੱਖ-ਵੱਖ ਭਾਗਾਂ ਅੰਦਰ ਵੱਖ-ਵੱਖ ਬੋਲੀਆਂ, ਭਾਸ਼ਾਵਾਂ ਅਤੇ ਉਨ੍ਹਾਂ ਦੀਆਂ ਲਿੱਪੀਆਂ ਨੂੰ ਵੱਧਣ-ਫੁੱਲਣ ਕਈ-ਕਈ ਸਦੀਆਂ ਲੱਗ ਗਈਆਂ। ਬਹੁਤ ਸਾਰੀਆਂ ਰੋਕਾਂ ਅਤੇ ਲਾਂਘਿਆਂ ਬਾਦ ਹੀ ਬੋਲੀਆਂ ਪ੍ਰਫੁੱਲਤ ਹੋਈਆਂ। ਅਮਲ ਵਿੱਚ ਕਈ ਵਾਰ ਅਨੁਕੂਲਤਾ ਨਾ ਹੋਣ ਕਰਕੇ, 'ਕਈ ਬੋਲੀਆਂ ਖ਼ਤਮ ਹੋ ਗਈਆਂ, ਭਾਵੇਂ ਕਈ ਭਾਸ਼ਾਵਾਂ ਦੀਆਂ ਲਿੱਪੀਆਂ ਵੀ ਸਨ। ਫ਼ਾਰਸ ਦੇ ਖਿਤੇ ਦੀ ਅਮਰੀ ਭਾਸ਼ਾ ਫ਼ਾਰਸੀ ਸੀ, ਉਸ ਦੀ ਆਪਣੀ ਲਿੱਪੀ ਵੀ ਸੀ। ਪਰ ਅਰਬਾਂ ਦੇ ਵਾਰ-ਵਾਰ ਹਮਲਿਆਂ ਬਾਦ, ਉਹ ਖ਼ਤਮ ਹੋ ਗਈ ! ਭਾਵੇਂ ਅੱਜ ਵੀ ਫ਼ਾਰਸੀ ਅੰਦਰ ਅਰਬੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਮਜੂਦ ਹਨ। ਫ਼ਾਰਸੀ ਬੋਲੀ ਅਰਬੀ ਬਣ ਗਈ, ਕਿਉਂਕਿ ਰਾਜਸੀ ਦਬਾਅ ਅਤੇ ਕਬੀਲਿਆਂ ਦਾ ਲੋਕ ਭਾਰੂ ਹੋਣਾ ਸੀ। ਇਸੇ ਤਰ੍ਹਾਂ ਸੰਸਕ੍ਰਿਤ ਭਾਸ਼ਾ ਕਦੀ ਵੇਦਾਂਤ ਯੁੱਗ ਵੇਲੇ ਇੱਕ ਅਮੀਰ ਭਾਸ਼ਾ ਸੀ। ਜੋ ਉੱਤਰੀ ਭਾਰਤ ਦੇ ਲੋਕਾਂ 'ਚ ਮਕਬੂਲਤਾ ਹੋਈ, 'ਪਰ ਲੋਕ ਭਾਸ਼ਾ ਨਾ ਬਣਨ ਕਰਕੇ ਵੇਦਾਂ ਦੀ ਸਨਾਤਕੀ-ਭਾਸ਼ਾ ਹੀ ਬਣ ਗਈ। ਜਿਨਾ ਚਿਰ ਇਸ ਨੂੰ ਰਾਜ-ਸਤਾ ਦੀ ਹੱਲਾ-ਸ਼ੇਰੀ ਮਿਲਦੀ ਰਹੀ, ਜਿਊਂਦੀ ਰਹੀ ! ਉੱਚ ਹਲਕਿਆਂ ਤੇ ਰਾਜਸੀ ਖੇਤਰਾਂ 'ਚ ਤਾਂ ਇਹ ਭਾਸ਼ਾ ਮਕਬੂਲਤ ਸੀ, ਪਰ ਆਮ ਲੋਕਾਂ ਦੀ ਪ੍ਰਾਕ੍ਰਿਤ ਭਾਵ ਸੁਭਾਵਿਕ, ਕੁਦਰਤੀ, ਪੁਰਾਣੀ, ਪ੍ਰਚਲਤ, ਰਿਵਾਜੀ ਪਹਿਲੀ ਭਾਸ਼ਾ ਨਹੀਂ ਬਣ ਸੱਕੀ। ਇਸ ਲਈ ਆਮ ਲੋਕਾਂ ਨਾਲੋਂ ਟੁੱਟ ਕੇ ਅੱਜ ! ਸਹਿਕ ਰਹੀ !

ਪੰਜਾਬੀ ਬੋਲੀ ਵੱਲੋਂ ਭਾਸ਼ਾ ਦੇ ਰੂ ਵਿੱਚ ਇਸ ਦਾ ਇਤਿਹਾਸ 8-ਵੀਂ ਸਦੀ ਤੋਂ ਵੀ ਪਹਿਲਾਂ ਅਰੰਭ ਹੋਇਆ ਲੱਗਦਾ ਹੈ। ਚਰਪਟ ਤੋਂ ਗੋਰਖ ਨਾਥ ਵੇਲੇ ਨਾਥਾ ਅਤੇ ਜੋਗੀਆਂ ਦੀ ਬੋਲੀ ਦੇ ਰੂਪ ਵਿੱਚ ਪੰਜਾਬੀ, 'ਪੰਜਾਬ ਦੇ ਗਰਭ ਅੰਦਰ ਜੰਮੀ ਅਤੇ ਸਾਹਮਣੇ ਆਈ ਦੱਸੀ ਜਾਂਦੀ ਹੈ। ਭਾਵੇਂ ਇਸ ਦਾ ਵੱਧਣ-ਫੁੱਲਣ ਸਥਾਨਕ ਲੋਕਾਂ ਦੀ ਬੋਲੀ ਦੀ ਸ਼ਬਦਾਵਲੀ ਨਾਲ ਸ਼ੁਰੂ ਹੋ ਚੁੱਕਿਆਂ ਸੀ। ਇਤਿਹਾਸਕ ਪਰਿਪੇਖ ਅੰਦਰ ਆਦਿ ਕਾਲ ਪੰਜਾਬੀ-ਜੀਵਨ, ਇਤਿਹਾਸ, ਪੂਰਬ ਉਤਪਾਦਨ ਦੇ ਸਾਧਨ, ਪੁਰਾਣੀਆਂ ਸੱਭਿਅਤਾਵਾਂ ਤੇ ਪੰਜਾਬੀ ਸਮਾਜ ਦੇ ਅੱਗੇ ਵੱਧਣ ਨਾਲ ਪੰਜਾਬੀ ਬੋਲੀ ਤੇ ਭਾਸ਼ਾ ਦਾ ਵਿਕਾਸ ਹੁੰਦਾ ਗਿਆ। ਉਪਰੋਕਤ ਸਾਰੇ ਕਾਰਕਾਂ ਨੇ ਪੰਜਾਬੀ ਬੋਲੀ ਨੂੰ ਪੰਜਾਬ ਅੰਦਰ ਸਥਾਪਤ ਹੋਣ ਦੀ ਥਾਂ ਦਿੱਤੀ। ਨਾਥਾ ਤੇ ਜੋਗੀਆਂ ਦਾ ਲਾਇਆ ਬੂਟਾ (800-1100 ਈ: ਸਦੀ) ਬਾਬਾ ਫ਼ਰੀਦ ਤੱਕ ਪੁੱਜਦਿਆਂ-ਪੁੱਜਦਿਆਂ ਦਰਖ਼ਤ ਰੂਪੀ ਵੱਧਣ ਲੱਗ ਪਿਆ। ਸੂਫ਼ੀ ਮਤ ਨੇ ਇਸ ਬੂਟੇ ਦੀ ਪੂਰੀ ਦੇਖ-ਭਾਲ ਕੀਤੀ। ਬਾਅਦ ਵਿੱਚ ਗੁਰੂ ਨਾਨਕ ਦੇਵ ਜੀ (1469-1539ਈ:) ਦੇ ਸਮੇਂ ਤੱਕ, 'ਪੰਜੀ ਬੋਲੀ ਸਾਹਿਤਕ' ਪੱਖੋ ਇੱਕ ਫੁੱਲਾਂ-ਫੁੱਲਾਂ ਵਾਲੇ ਦਰੱਖਤ ਦੇ ਰੂਪ ਵਜੋਂ ਵਜੂਦ ਵਿੱਚ ਆ ਗਈ। ਨਾਥਾਂ ਤੋਂ ਸੂਫ਼ੀਆਂ ਥਾਣੀ ਹੁੰਦੀ ਹੋਈ ਪੰਜਾਬੀ, 'ਸੂਫ਼ੀ-ਵਿਚਾਰ ਤੋਂ ਸਿੱਖ-ਵਿਚਾਰਧਾਰਾ' ਤੱਕ ਪਹੁੰਚ ਗਈ। ਭਾਸ਼ਾ (ਬੋਲੀ) ਅਤੇ ਲਿਪੀ ਦਾ ਸਰੀਰ ਤੇ ਆਤਮਾ ਵਾਲਾ ਰਿਸ਼ਤਾ ਹੁੰਦਾ ਹੈ। ਪੰਜਾਬੀ ਬੋਲੀ ਦੀ ਲਿਪੀ ਪਹਿਲਾ ''ਮਹਾਕਾਨੀ'' ਲਿਪੀ ''ਟਾਕਰੀ'' ਵਿੱਚ ਲਿਖੀ ਜਾਂਦੀ ਸੀ। ਜੋ ਗੁਰੂ ਅੰਗਦ ਦੇਵ ਵੇਲੇ ਗੁਰਮੁੱਖੀ ਅੱਖਰਾਂ ਦੀ ਵਰਨਮਾਲਾ ਵਿਕਸਤ ਹੋਣ ਨਾਲ, 'ਪੰਜਾਬੀ' ਬੋਲੀ ਇੱਕ ਭਾਸ਼ਾ ਵਜੋਂ ਸਾਹਮਣੇ ਆਈ ਅਤੇ ਟਕਸਾਲੀ ਪਛਾਣ ਵਜੋਂ ਸਨਮਾਨ ਹੋਈ।

ਗੁਰੂ ਨਾਨਕ ਦੇਵ ਜੀ ਦੀ ਆਦਿ ਗੁਰੂ ਗ੍ਰੰਥ ਸਾਹਿਬ ਅੰਦਰ ਬਾਣੀ (ਰਚਨਾ) ਜਪੁਜੀ ਸਾਹਿਬ, ਸੋਦਰਿ, ਕੀਤਰਨ ਸੋਹਿਲਾ ਹੈ। ਇਸ ਸਾਰੀ ਬਾਦੀ (ਕਾਵਿ-ਰਚਨਾ) ਵਿੱਚ ਭਾਵ ਚਿਤਰਾਂ ਦੀ ਭਰਮਾਰ ਹੈ। ਵਾਸਤਵ ਵਿੱਚ ਕਵੀ ਦਾ ਜਗਤ ਭਾਵਾਂ ਦਾ ਜਗਤ ਹੈ। ਉਨ੍ਹਾਂ ਨੇ ਨਿੱਜੀ ਜੀਵਨ ਦੇ ਬਹੁ-ਭਾਂਤੇ ਦ੍ਰਿਸ਼ਾਂ ਤੋਂ ਇਲਾਵਾ ਲੋਕ-ਭਾਵਾਂ ਦੇ ਚਿੱਤਰ ਵੀ ਖਿੱਚੇ ਹਨ। ਉਹ ਚਿੱਤਰ ਭਾਵਕ ਰੰਗਣ ਦੀ ਅਦੁੱਤੀ-ਲਾਸਾਨੀ ਦੀ ਮਿਸਾਲ ਹਨ, ਜਿਨਾ ਦੇ ਤੱਤ ਅਤੇ ਗੁਣ ਬਹੁਤ ਉੱਚ ਪਾਏ ਦੇ ਹਨ। ਉਨ੍ਹਾਂ ਦੀ ਰਚਨਾ ਅੰਦਰ ਕਾਰਜਸ਼ੀਲਤਾ ਅਤੇ ਸੰਪੂਰਨ ਵਿਧਾ-ਵਿਧਾਨ ਵਾਲੇ ਗੁੱਣ ਹਨ। ਜਿਹੜੇ ਭੂਤ, ਵਰਤਮਾਨ ਅਤੇ ਭਵਿੱਖ ਲਈ ਰੌਸ਼ਨੀ ਦੇ ਰਹੇ ਹਨ। ਕਿਉਂਕਿ ਉਨ੍ਹਾਂ ਨੇ ਆਮ ਬੋਲੀ (ਭਾਸ਼ਾ) ਅੰਦਰ ਸਾਰਾ ਸਾਹਿਤ ਰੱਚਿਆ। ਜੋ ਨਾਥਾਂ ਅਤੇ ਸੂਫ਼ੀਆਂ ਦੇ ਕਾਲ ਬਾਦ ਸਾਹਿਤਕ ਪੱਖੋਂ ਸ਼ਬਦ, ਚੋਣ, ਪ੍ਰਤੀਕ-ਪ੍ਰਬੰਧ, ਬਿੰਬ, ਅਲੰਕਾਰ-ਰਚਨਾ ਕਰਕੇ ਪੰਜਾਬੀ ਬੋਲੀ ਨੂੰ ਪੈਰਾਂ ਤੇ ਖੜ੍ਹਾ ਕਰਨ ਵਾਲੀ ਕਾਵਿ ਰਚਨਾ ਹੋਣ ਕਰਕੇ, 'ਸਹਿਤ ਦੇ ਖੇਤਰ ਅੰਦਰ ਇਕਸਬੂਲ (ਥੜਾ) ਮਕਬੂਲ ਹੋਈ। ਗੁਰੂ ਜੀ ਵੱਲੋਂ ਪੰਜਾਬੀ ਬੋਲੀ ਅੰਦਰ ਪੇਸ਼ ਕੀਤੀਆਂ ਰਚਨਾਵਾਂ ਅੰਦਰ ਸਾਹਿਤਕ ਦੇਣ ਦਾ ਸਜੀਵ ਰੂਪ ਦਾ ਪ੍ਰਗਟਾਵਾਂ ਹੈ।

ਉਸ ਵੇਲੇ ਦੇ ਭਾਰਤ ਅੰਦਰ ਧਾਰਮਿਕ ਹੱਠ-ਧਰਮੀ ਅਤੇ ਕੱਟੜਤਾ (ਜੋ ਅੱਜ ਵੀ ਜਾਰੀ ਹੈ।) ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਬੜੇ ਸਰਲ ਅਤੇ ਵਿਅੰਗਾਤਮਕ ਢੰਗ ਨਾਲ ਪੰਜਾਬੀ ਬੋਲੀ ਰਾਹੀਂ ਆਪਣੀ ਆਵਾਜ਼ ਲੋਕਾਂ ਤੱਕ ਪਹੁੰਚਾਈ। ਮਨੁੱਖੀ ਸਮਾਨਤਾ, ਪ੍ਰਚਲਤ ਗੈਰ-ਸੰਗਤ ਧਾਰਨਾਵਾਂ ਵਿਰੁੱਧ ਦਲੀਲਾਂ ਰਾਹੀਂ ਉਪਦੇਸ਼ ਦਿੱਤਾ, ਜਿਵੇਂ ਸੂਰਜ ਗ੍ਰਹਿਣ ਸਮੇਂ ਭੋਜਨ ਨਹੀਂ ਪਕਾਉਣਾ, ਭਰਮਾਂ-ਵਿਰੁੱਧ, ਜਾਤ-ਪਾਤ, ਛੂਆ-ਛੂਤ ਆਦਿ ਬੁਰਾਈਆਂ ਦੀ ਘੋਰ ਨਿੰਦਿਆ ਕੀਤੀ।

ਬਾਬਾ ਹੋਰੁ ਖਾਣਾ ਖੁਸ਼ੀ ਖੁਆਰ

ਸਥਾਪਤ ਫੋਕੀਆਂ ਧਾਰਨਾਵਾਂ ਵਿਰੁੱਧ ਬੜੇ ਤਰਕ-ਸੰਗਤ ਲਹਿਜੇ ਅੰਦਰ ਸਿੱਖਿਆ ਦਿੱਤੀ, ''ਸੋਚੇ ਸੋਚਿ ਨਾ ਹੋਵਲੀ ਜੇ ਸੋਚੀ ਲਖਵਾਰ।'' ਤਾਰੇ, ਆਕਾਸ਼, ਬ੍ਰਿਹ-ਮੰਡ, ਬਾਰੇ ਸਪਸ਼ਟੀ ਕਰਨ ਦਿੰਦੇ ਕਿਹਾ, ਅਰਬਦ ਨਰਬਦ ਧੰਧੂ ਕਾਰੈ। ਗੁਰੂ ਜੀ ਦਾ ਰੱਚਿਆ ਸਾਹਿਤ ਪੰਜਾਬੀ ਬੋਲੀ ਅੰਦਰ ਜਿੱਥੇ ਇੱਕ ਟਕਸਾਲੀ ਪ੍ਰੰਪਰਾ ਰਾਹੀ ਇਨਕਲਾਬੀ, ਲੋਕ-ਪੱਖੀ, ਨਿਡਰਤਾ ਵਾਲਾ, ਹੱਕ-ਸੱਚ ਦਾ ਹੋਕਾ ਦੇਣ ਲਈ ਹਾਕਮਾਂ ਦੇ ਅਨਿਆਏ ਵਿਰੁਧ ਸਮਾਜ ਅੰਦਰ ਬਰਾਬਰਤਾ ਵਲ ਉਪਦੇਸ਼ ਦਿੰਦਾ ਹੈ ! ਉੱਥੇ ਰੱਚਿਆ ਚਾਨ੍ਹਣ ਮੁਨਾਰਾ ਬਣਿਆ ਰਹੇਗਾ ? ਗੁਰੂ ਜੀ ਪੰਜਾਬੀ ਬੋਲੀ ਦੇ ਮਹਾਨ ਉਸਰਈਏ ਸਨ, ਜਿਨ੍ਹਾਂ ਨੇ ਪੰਜਾਬੀ ਬੋਲੀ ਨੂੰ ਜਨਤਕ ਧਾਰਨਾ ਦਾ ਰੂਪ ਦਿੱਤਾ।

ਸਾਹਿਤ, 'ਮਨੁੱਖੀ ਸਮਾਜ ਦੀਆਂ ਸਾਰੀਆਂ ਕਿਰਿਆਵਾਂ ਵਿਚੋਂ ਗ੍ਰਿਹਣ ਕੀਤੇ ਮਨ ਦੇ ਅਹਿਸਾਸਾਂ, ਤਨਾਵਾਂ, ਗੁੰਝਲਾਂ ਬਾਹਰਮੁੱਖੀ ਅਤੇ ਅੰਤਰਮੁੱਖੀ ਪ੍ਰਤੀਬਿੰਬਾਂ ਰਾਹੀਂ ਸੁਹਜਾਤਮਕ ਢੰਗਾਂ ਨਾਲ ਪ੍ਰਾਪਤ ਕੀਤੇ ਤਜ਼ਰਬਿਆਂ ਦਾ ਸਿੱਟਾਂ ਹੈ। ਸਾਹਿਤ ਮਨੁੱਖੀ ਸਮਾਜ ਦੇ ਹਰ ਤਰ੍ਹਾਂ ਦੇ ਵਿਹਾਰਾਂ ਵਿਚੋ ਪੈਦਾ ਹੋਇਆ ਹਾਂ ਪੱਖੀ ਵਰਤਾਰਾ ਹੈ ! ਸਮਾਜ ਅੰਦਰੋ ਰੋਸ਼ਨੀ ਲੈ ਕੇ ਸਮਾਜ ਨੂੰ ਹਾਂ-ਪੱਖੀ ਸੇਧ ਦੇਣ ਦਾ ਸਿਧਾਂਤਕ ਕਾਰਜ ਸਾਹਿਤ ਹੀ ਕਰਦਾ ਹੈ। ਭਾਵ ਸਾਹਿਤ ਮੌਲਿਕ ਜਾਂ ਲਿਖਤੀ ਹੋਵੇ, ਉਸ ਅੰਦਰ ਉਹ ਤੱਕ ਹੋਣ, 'ਜੋ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠਾ ਕਹਿਣ ਲਈ ਵਿਗਿਆਨਕ ਅਤੇ ਤਰਕਸ਼ੀਲਤਾ ਦਾ ਪ੍ਰਗਟਾਵਾ ਕਰਦੇ ਹੋਣ। ਪ੍ਰਪੱਕਤਾ ਬਾਦ ਹੀ ਸਾਹਿਤ ਸਮਾਜ ਨੂੰ ਸੇਣ ਦੇਣ ਦੇ ਸਿਧਾਂਤਕ ਕਾਰ ਜਾਂਦੀ ਹਾਂ ਪੱਖੀ ਜਿੰਮੇਵਾਰੀ ਹੀ ਨਿਭਾਅ ਸਕਦਾ ਹੈ ! ਦੁਨੀਆ ਦੇ ਭਾਵ ! ਸਾਹਿਤਕਾਰ ਵਿਚਾਰਵਾਦੀ ਅਧਿਆਤਮਵਾਦੀ ਜਾਂ ਯਥਾਰਣਵਾਦੀ ਹੋਏ ਹੋਣ, 'ਜਦੋਂ ਤਕ ਉਨ੍ਹਾਂ ਦੇ ਸਾਹਿਤ ਅੰਦਰ ਸਮਾਜ ਨੂੰ ਉਸਾਰੂ ਸੇਧ ਦੇਣ, ਲੋਕਾਂ ਨੂੰ ਜਾਗਰੂਕ ਕਰਨ ਅਤੇ ਵਰਗੀ-ਵਿਚਾਰਾਂ ਰਾਹੀਂ ਲੋਕ ਪੱਖੀ, ਲੋਕ ਧਾਰਾ ਵਾਲੀ ਸਿਧਾਂਤਕ ਅਤੇ ਵਿਹਾਰ ਪੱਖੋਂ ਠਣਕਦੀ ਸਾਹਿਤਕ ਰਚਨਾ ਹੋਵੇਗੀ, ਉਹ ਸਾਹਿਤ ਤਾਂ ਹੀ ਗਤੀਸ਼ੀਲ ਅਤੇ ਜਿਊਂਦਾ ਜਾਗਦਾ ਰਹਿ ਸੱਕੇਗਾ ?

ਗੁਰੂ ਨਾਨਕ ਦੇਵ ਜੀ ਦੀ ਸਾਹਿਤ ਸਿਰ-ਜਣਾ ਦੀ ਪ੍ਰਕਿਰਿਆ ਪਿੱਛੇ, 'ਰਹਿਣ-ਸਹਿਣ, ਆਦਰਸ਼, ਤਾਂਘ, ਰੋਹ, ਗ਼ਮ, ਅਪੂਰਤੀ, ਲੋੜ ਆਦਿ ਤੋਂ ਬਿਨ੍ਹਾਂ ਵਰਗੀ-ਜਮਾਤ ਦੇ ਵਿਚਾਰਾਂ ਦਾ ਪ੍ਰਵਾਹ ਅਤੇ ਇਕਸੁਰਤਾ ਦੇ ਸੰਤੁਲਨ ਦਾ ਖਿਆਲ ਰੱਖਦੇ ਹੋਏ, 'ਉਨ੍ਹਾਂ' ਨੂੰ ਅਮਲ ਰੂਪੀ ਭਾਵਨਾਵਾਂ ਰਾਹੀਂ ਲੋਕਾਂ ਦੀ ਸਮਝ ਨੂੰ ਉਚਿਆਉਣ ਤੱਦ ਪਹੁੰਚਾਇਆ ਗਿਆ ਹੈ। ਗੁਰੂ ਜੀ ਦੀਆਂ ਸਾਰੀਆਂ ਰਚਨਾਵਾਂ ਹੈ ਅਤੇ ਨਾ ਹੀ ਕਿਤੇ ਔਚਿਤਯ ਰੂਪ ਵਿੱਚ ਹੈ ! ਉਨ੍ਹਾਂ ਦੀ ਹਰ ਤਰ੍ਹਾਂ ਦੀ ਕਾਵਿ ਰਚਨਾ ਅੰਦਰ ਪੇਸ਼ਕਾਰੀ, 'ਨੈਤਿਕ ਪੱਖ ਤੋਂ ਉੱਚੀ-ਸੁੱਚੀ ਅੰਦਰੋਂ ਅਤੇ ਬਾਹਰੋਂ ਸੱਚ ਤੇ ਹੱਕ ਦਾ ਹੋਕਾ ਦੇਣ ਵਾਲੀ ਹੈ। ਉਨ੍ਹਾਂ ਵੱਲੋਂ ਪੇਸ਼ ਕੀਤੀ ਰਚਨਾ, 'ਬੌਧਿਕ ਵਿਚਾਰ, ਜ਼ਜ਼ਬਾ, ਭਾਵਪੂਰਨ, ਕਲਪਨਾ ਵਾਲੀ, ਬਿੰਬ ਤੇ ਸ਼ੈਲੀ ਭਰਪੂਰ ਸਾਹਿਤਕ ਗੁਣਾਂ ਦੇ ਸਾਰੇ ਤੱਤਾਂ ਨਾਲ ਸੰਜੋਈ ਹੋਈ ਹੈ। ਸਗੋਂ ਇਸ ਅੰਦਰ ਵਸਤੂ ਤੇ ਰੂਪ ਨੂੰ ਟੇਢੇ ਢੰਗ ਨਾਲ ਜਾਂ ਡੂੰਘੇ ਅਤੇ ਵਿਅੰਗਾਤਮਕ ਸ਼ਬਦਾਂ ਰਾਹੀਂ ਪੇਸ਼ ਕਰਕੇ, ਸਮੱਗਰੀ ਅਤੇ ਪ੍ਰਗਟਾਅ ਢੰਗ, ਭਾਵ ਦੋਨੋ ਪੱਖ, 'ਦਵੰਦਾਤਮਕ ਰੂਪ ਨਾਲ ਜੁੜੇ ਮਿਲਦੇ ਹਨ। ਜੋ ਸਾਹਿਤਕ ਪੱਖੋ ਯਥਾਰਥ ਰੂਪ ੀ ਹਨ। ਗੁਰੂ ਨਾਨਕ ਦੇਵ ਜੀ ਵਲੋਂ ਰੁੱਚਿਆ ਸਾਹਿਤ ਲੋਕ-ਭਾਸ਼ਾ, ਲੋਕ ਧਾਰਾ ਅਤੇ ਲੋਕਾਂ ਦੀ ਦੁੱਖਦੀ ਰੱਗ ਤੇ ਹੱਥ ਰੱਖਣ ਵਾਲਾ, 'ਜੋ ਖੁਦ ਲੋਕਾਂ ਦੀਆਂ ਉੱਠ ਰਹੀਆਂ ਚੀਸਾਂ ਨਾਲ ਸੁਰ ਨਾਲ ਸੁਰ ਮਿਲਾਉਣ ਵਾਲਾ ਹੋਣ ਕਰਕੇ, 'ਅੱਜ ਵੀ ਲੋਕ ਪੱਖੀ, ਹੱਕ-ਸੱਚ ਦਾ ਹੋਕਾ ਦੇਣ ਵਾਲਾ ਤੇ ਮਨੁੱਖਤਾ ਦਾ ਭਲਾ ਚਾਹੁਣ ਵਾਲਾ ਅਮਰ ਰਹਿਣ ਵਾਲਾ ਸਾਹਿਤ ਹੈ।

ਯਥਾਰਥਿਕਤਾ ਦੀ ਬਹੁ-ਪੱਖੀ ਪ੍ਰਤਿਬਾ ਵਾਲੀ ਸਾਹਿਤਕ ਬੌਧਿਕਤਾ ਰੱਖਣ ਵਾਲੇ 'ਮਹਾਨ ਚਿੰਤਕ ਗੁਰੂ ਨਾਨਕ ਦੇਵ ਜੀ ਪੰਜਾਬੀ ਬੋਲੀ ਦੇ ਸਾਹਿਤਕਾਰ ਅਤੇ ਉਸਰੱਈਏ, ਹੋਏ ਹਨ। ਵਿਗਿਆਨਕ ਸੋਚ ਅਤੇ ਤਰਕਸ਼ੀਲਤਾ ਦੇ ਧਾਰਨੀ, 'ਸੱਚੋ-ਸੱਚ ਦਾ ਹੋਕਾ ਦੇਣ ਵਾਲੇ, ਪੰਜਾਬੀ ਸਾਹਿਤ ਅੰਦਰ ਉੱਚ ਦਰਜੇ ਦੀਆਂ ਰਚਨਾਵਾਂ ਰਾਹੀਂ, 'ਭਾਰਤੀ ਸਮਾਜ ਅੰਦਰ ਸਾਜੀਵ ਹਾਲਤਾਂ ਦਾ ਲੋਕ ਪੱਖੀ ਪ੍ਰਗਟਾਵਾਂ ਕਰਕੇ ਉਨ੍ਹਾਂ ਨੇ ਮਨੁੱਖੀ ਸਮਾਜ ਨੂੰ ਜਾਗਰੂਕ ਕਰਨ ਲਈ ਬਹੁਤ ਵੱਡਾ ਉਪਰਾਲਾ ਕੀਤਾ ਹੈ। ਉਸ ਵੇਲੇ ਸਮਾਜ ਅੰਦਰ ਰਚਨਾਤਮਕ ਵਸਤੂ ਨੂੰ ਗ੍ਰਹਿਣ ਕਰਕੇ, 'ਉਸ ਨੂੰ ਉਸ ਰੂਪ ਵਿੱਚ ਨਹੀਂ, 'ਬਲਕਿ ਇਕ ਵਿਸ਼ੇਸ਼ ਪ੍ਰਕਿਰਿਆ ਰਾਹੀਂ ਬਦਲੇ ਰੂਪ ਵਿੱਚ ਆਪਣੇ ਕਾਵਿ ਰਾਹੀਂ ਲੋਕਾਂ ਦੀ ਆਮ-ਬੋਲੀ ਵਿੱਚ ਪੇਸ਼ ਕਰਕੇ ਉਪਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਆਗਮਣ ਕਾਲ 1469-1539 ਈਸਵੀਂ ਤੋਂ ਪਹਿਲਾਂ ਪੰਜਾਬ ਦੇ ਸੰਦਰਭ ਵਿੱਚ ਸੱਭਿਅਤਾ ਜਾਂ ਸੰਸਕ੍ਰਿਤੀ ਦੇ ਮੌਲਿਕ ਅਤੇ ਬੁਨਿਆਦੀ ਤੱਤਾਂ ਵਿੱਚ ਆਈ ਤਬਦੀਲੀ ਭਾਵੇਂ ਬਾਹਰਲੇ ਸਵਰੂਪ ਵਿੱਚ ਨਾ ਦਿਸੇ, ਪਰ ਉਨ੍ਹਾਂ ਪ੍ਰਭਾਵਾਂ ਦੇ ਚਿੰਨ੍ਹ ਅਤੇ ਨਿਸ਼ਾਨ ਗੁਰੂ ਜੀ ਦੀ ਕਾਵਿ ਰਚਨਾ 'ਚ ਵੇਖੇ ਜਾ ਸਕਦੇ ਹਨ। ਦੇਸ਼ ਦੇ ਬਾਕੀ ਹਿੱਸਿਆ ਵਾਂਗ, 'ਪੰਜਾਬ ਅੰਦਰ ਵੀ ਸਾਮੰਤਵਾਦੀ ਰਾਜ ਪ੍ਰਬੰਧ ਅਧੀਨ ਹਾਕਮ ਵਰਗ ਲੋਕਾਂ ਤੇ ਹਰ ਤਰ੍ਹਾਂ ਦੇ ਜ਼ੁਲਮ ਢਾਹੁੰਦੇ ਸਨ ! ਧਾਰਮਿਕ ਸਹਿਣਸ਼ੀਲਤਾ, ਸਤਿ, ਅਹਿੰਸਾ ਆਦਿ-ਨੈਤਿਕ ਗੁਣ, 'ਸਾਂਝੀਵਾਲਤਾ, ਗ੍ਰਹਿਣ-ਸ਼ੀਲਤਾਂ, ਸੰਯੁਕਤ ਪਰਿਵਾਰ ਦੀ ਵਿਵੱਸਥਾ ਅਤੇ ਹੋਰ ਭਾਰਤੀ ਸੱਭਿਆਚਾਰ ਦੇ ਪੱਖ ਸਨ, 'ਇਕ ਇਕ ਕਰਕੇ ਤੀਲਾ ਤੀਲਾ ਹੋ ਰਹੇ ਸਨ। ਹਰ ਖੇਤਰ ਅੰਦਰ ਆਮ ਲੋਕਾਂ ਦੀ ਪੀੜਾਂ ਨੂੰ ਬਹੁਤ ਨਜ਼ਦੀਕੀ ਤੋਂ ਦੇਖਿਆ ਅਤੇ ਇਸ ਦੇ ਮੂਲ ਕਾਰਨਾਂ ਨੂੰ ਸਮਝਦੇ ਹੋਏ ਹਾਕਮਾਂ ਵਿਰੁੱਧ ਆਵਾਜ਼ ਉਠਾਈ।

''ਜੈਸੀ ਮੈਂ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।

ਪਾਪਾ ਦੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ।

ਸਰਮ ਧਰਮ ਦੁਇ ਛੁਪਿ ਖਲੋਏ, ਕੂੜ ਫਿਰੈ ਪਰ ਧਾਨੁ ਵੇ ਲਾਲੋ।

ਕਾਜੀਆਂ ਬਾਮਣਾਂ ਕੀ ਗਲ ਥਕੀ ਅਗਦੁ ਪੜੈ ਸ਼ੈਤਾਨ ਵੇ ਲਾਲੋ।''

ਤਿਲੰਗ ਮ: 1 (ਪੰਨਾ 722/15)

ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਚੇਤਨਾ-ਗਤ, ਸੱਭਿਆਚਾਰਕ ਸੁਭਾਅ ਅਤੇ ਭੂਗੋਲਿਕ-ਇਤਿਹਾਸਕ ਪ੍ਰੀਸਥਿਤੀਆਂ ਅਤੇ ਉਪਰੋਕਤ ਬਣਤਰ ਪ੍ਰਤੀ ਪੰਜਾਬ ਦੇ ਲੋਕਾਂ ਦੀ ਹਾਲਤ ਦੇਖਦੇ ਹੋਏ ਸੱਭਿਆਚਾਰਕ ਹੁੰਗਾਰਾ ਭਰਿਆ। ਉਪਰੋਕਤ ਕਾਵਿ ਰਚਨਾ ਰਾਹੀਂ ਲੋਕਾਂ ਦੀ ਪੀੜਾ ਅਤੇ ਆਚਰਣ ਅੱਧੋਗਤੀ ਲਈ ਹਾਕਮਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ, 'ਇਸ ਅਨਿਆਏ ਵਿਰੁੱਧ, 'ਬੜੀ ਸਰਲ, ਲੋਕ ਬੋਲੀ, ਪੰਜਾਬ ਦੀ ਲੋਕ-ਚੇਤਨਾ ਨੂੰ ਆਪਣੇ ਸੁਭਾਅ ਅਨੁਕੂਲ ਸਥੂਲ ਸੱਭਿਆਚਾਰਕ ਰਾਹੀਂ ਪੇਸ਼ ਕੀਤਾ ਹੈ।

ਦਿੱਲੀ ਦੇ ਹਾਕਮ ਇਬਰਾਹੀਮ ਲੋਧੀ ਅਤੇ ਪੰਜਾਬ ਅੰਦਰ ਉਸ ਦੇ ਰੁਕਨ ਸਭ ਭ੍ਰਿਸ਼ਟ, ਜ਼ਾਲਮ ਤੁਅੱਸਬੀ ਅਤੇ ਆਪ ਹੁਦਰੇ ਸਨ। ਜੋ ਆਮ ਲੋਕਾਂ ਤੇ ਹਰ ਤਰ੍ਹਾਂ ਦੇ ਜ਼ੁਲਮ ਢਾਹੁੰਦੇ ਸਨ, ਤਾਂ ਗੁਰੂ ਜੀ ਨੇ ਉਨ੍ਹਾਂ ਦੇ ਅੱਤਿਆ ਚਾਰਾਂ ਵਿਰੁੱਧ ਆਵਾਜ਼ ਉਠਾਈ। ਹਾਕਮਾਂ ਨੂੰ ਵੰਗਾਰਦੇ ਹੋਏ ਉਨ੍ਹਾਂ ਨੂੰ ਫਿਟ-ਲਾਹਨਤਾਂ ਪਾਈਆਂ। ਉਨਾਂ ਨੂੰ ''ਕੁਤਿਆ'' ਸਮਾਨ ਕਿਹਾ, 'ਜਿਨਾਂ ਨੇ ''ਰਤਨ'' ਜਿਹੇ ਹਿੰਦੁਸਤਾਨ ਨੂੰ ਘੱਟੇ-ਕੌਡੀ ਰੁਲਾ ਦਿੱਤਾ। ਜਦ ਉਹ ਮਰ ਜਾਣਗੇ ਤਾਂ ਕਿਸੇ ਨੇ ਇਨ੍ਹਾਂ ਦੀ ਬਾਤ ਵੀ ਨਹੀਂ ਪਾਉਣੀ! ਜਦ ਉਹ ਮਰ ਜਾਣਗੇ ਤਾਂ ਕਿਸੇ ਨੇ ਇਨ੍ਹਾਂ ਦੀ ਬਾਤ ਵੀ ਨਹੀਂ ਪਾਉਣੀ ! ਇਸ ਤਰ੍ਹਾਂ ਬਾਬਰ ਦੇ ਅੱਤਿਆਚਾਰਾਂ ਨੂੰ ਵੀ ਉਹ ਨਾ-ਜਰ ਸੱਕੇ ਅਤੇ ਬਾਬਰ ਨੂੰ ਵੀ ਨਿਰਦਈ ਕਹਿ ਕੇ ਨਿਖੇਧੀ ਕੀਤੀ। ਸਗੋਂ ਰੱਬ ਨਾਲ ਵੀ ਸ਼ਿਕਵਾ ਕੀਤਾ।

ਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।

ਆਸਾ 1 (ਪੰਨਾ 360/13)

ਇਸ ਸਾਹਿਤਕ ਰਚਨਾ ਰਾਹੀਂ 'ਗੁਰੂ ਜੀ ਨੇ ਦੇਸ਼ ਭਗਤੀ ਦਾ ਇੱਕ ਬੇਮਿਸਾਲ ਕਾਵਿ ਦਾ ਪ੍ਰਗਟਾਵਾਂ ਕੀਤਾ ਹੈ। ਉਨ੍ਹਾਂ ਦੀ ਇਹ ਰਚਨਾ ਪੰਜਾਬੀ ਲੋਕ ਚੇਤਨਾ ਦੇ ਰੁਪਾਂਤਰਣ ਅੰਦਰ ਇੱਕ ਸੱਭਿਆਚਾਰ ਇਨਕਲਾਬ ਦਾ ਨਵਾਂ ਇਤਿਹਾਸਕ ਮੀਲ ਪੱਥਰ ਸੀ। ਇਸ ਲੋਕ ਚੇਤਨਾ ਨੇ ਭਾਰਤ ਇਤਿਹਾਸ ਅਤੇ ਸੱਭਿਅਚਾਰ ਅੰਦਰ, 'ਅਨੇਕਾਂ ਘੱਲੂ ਘਾਰਿਆਂ ਅਤੇ ਸੰਘਰਸ਼ਾਂ ਰਾਹੀਂ ਸਮਰਿੱਧੀ ਅਤੇ ਬਲ-ਬਖਸ਼ਣ ਦੀ ਸਮਰੱਥਾ ਪ੍ਰਗਟ ਕੀਤੀ। ਪੰਜਾਬ ਅੰਦਰ ਹਰ ਪਾਸੇ ਅੱਧੋਗਤੀ ਸੀ। ਹਰ ਪਾਸੇ ਜਾਤ-ਪਾਤ, ਛੂਆ-ਛੂਤ, ਕਰਮ-ਕਾਂਡ, ਭਰਮਾਂ ਅਤੇ ਅੰਧ-ਵਿਸ਼ਵਾਸਾਂ ਦਾ ਬੋਲ-ਬਾਲਾ ਸੀ। ਸਹਿਣਸ਼ੀਲਤਾਂ ਅਤੇ ਆਪਸੀ ਪ੍ਰੇਮ ਖਰੂ-ਖੇਰੂ ਹੋ ਚੁੱਕਾ ਸੀ। ਨਾ ਨਿਸ਼ਚਾਤਮਕ ਅਤੇ ਨਾ ਨਿਖਧਾਤਮਕ ਜਿਊਦਾ ਸੀ। ਅਜਿਹੇ ਹਲਾਤਾਂ ਵੇਲੇ ਗੁਰੂ ਨਾਨਕ ਦੇਵ ਜੀ ਨੇ ਕੂੜ ਵਿਰੁੱਧ ਸੱਚ ਲਈ ਅਲਖ ਜਗਾਈ ! ਹਿੰਦੂ ਅਤੇ ਇਸਲਾਮ ਦੀਨ-ਧਰਮ ਤੋਂ ਡਿਗ ਚੁੱਕੇ ਸਨ, ਕੌਣ ਵੱਡਾ ਅਤੇ ਕੌਣ ਉੱਚਾ ਗੁਰੂ ਜੀ ਨਿਰਣਾ ਦਿੱਤਾ।

''ਸਾਹ ਦੋਵੇ ਇੱਕ ਜਾਣੈ ਸੋਈ ਸਿਝ ਸੀ,
ਕੁਫਰ ਗੋਅ ਕੁਫਰਾਣੇ ਪਾਇਆ ਦੱਬ ਸੀ।''

ਇਸੇ ਤਰ੍ਹਾਂ ਹਿੰਦੂਆਂ ਦੇ ਪਿਤਰ-ਪੂਜਾ ਦੇ ਭਰਮਾਂ ਵਿਰੁੱਧ ਗੁਰੂ ਜੀ ਨੇ ਸਾਹਿਤਕ ਵਿਅੰਗ ਰਾਹੀਂ ਪਾਂਡਿਆਂ ਨੂੰ ਡਰਾਉਣੀ ਤਾੜਨਾ ਕੀਤੀ।

''ਜੇ ਮੋਹਾਕਾ ਘਰ ਮੁਹੈ ਘਲ ਮੁਹਿ ਪਿਤੀ ਦੇਹਿ

ਅਗੇ ਵਸਤੂ ਸਿਝਾਣੀਐ, ਪਿਤੀ ਚੋਰ ਕਰੇਇ।

14-ਵੀਂ ਤੋਂ 16-ਵੀਂ ਸਦੀ ਦੌਰਾਨ ਭਾਰਤ ਅੰਦਰ ਚਲੀ ਸਹਿਣਸ਼ੀਲਤਾ ਅਤੇ ਆਪਸੀ ਭਾਈਚਾਰਕ ਏਕਤਾ ਵੇਲੇ, 'ਪੰਜਾਬ ਅੰਦਰ ਗੁਰੂ ਜੀ ਨੇ ਸਾਰੇ ਉੱਪ-ਮਹਾਂਦੀਪ ਭਾਰਤ ਅਤੇ ਇਸ ਤੋਂ ਵੀ ਅੱਗੇ ਜਾ ਕੇ ਚਾਰ-ਦਿਸ਼ਾਵਾਂ ਵਲ ਯਾਤਰਾਵਾਂ ਕਰਕੇ, 'ਜਨ-ਸਮੂਹ ਨਾਲ ਮਿਲ ਕੇ ਰਾਬਤਾ ਕਾਇਮ ਕੀਤਾ, ਉਨ੍ਹਾਂ ਦੀਆਂ ਮੁਸੀਬਤਾਂ ਹਾਕਮਾਂ ਦੀ ਨਿਖੇਧੀ ਕੀਤੀ। ਲੋਕਾਂ ਪ੍ਰਤੀ ਦਿਖਾਈ ਉਦਾਸੀਨਤਾ ਅਤੇ ਡੀਠਤਾਈ ਲਈ ਹਾਕਮਾਂ ਨੂੰ ਆਪਣੇ ਸਾਹਿਤਕ ਰੰਗ ਰਾਹੀ ਕੱਸਿਆ।

ਕੱਲ ਆਈ ਕੁਤੇ ਮੁਹੀ, ਖਾਜ ਹੋ ਆ ਮੁਰਦਾਰ ਗੁਸਾਈ। ਗੜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕੋ ਖਾਈ।

ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਲੋਕ-ਪ੍ਰਚਾਰ ਲਈ ਸਾਧ-ਬਾਣੀ ਤੋਂ ਜਰਾਂ ਪਰੇ ਹੱਟ ਕੇ, 'ਸਮਾਜਕ ਬੁਰਾਈਆਂ ਵਿਰੁਧ ਸੁਧਾਰਕ ਪੱਖ ਲਈ ਕ੍ਰਾਂਤੀਕਾਰੀ ਬਾਹ ਅਪਣ-ਾਇਆ। ਇਸ ਮਾਰਗ ਤੇ ਚੱਲਣ ਲਈ ਹਾਕਮਾਂ ਦੇ ਲੋਕ ਵਿਰੋਧੀ ਰਵੱਈਏ ਵਿਰੁੱਧ ਉਨ੍ਹਾਂ ਦੇ ਕਰੂਰ ਤਰੀਕਿਆਂ ਤੇ ਸਿਧੀ ਸੱਟ ਮਾਰਨ, ਪਾਖੰਡੀਆਂ ਨੂੰ ਦਲੀਲ ਰਾਹੀਂ ਅਤ ਜਨ-ਸਮੂਹ ਨੂੰ ਸਧਾਰਨ ਅਤੇ ਪ੍ਰਾਂਤਿਕ ਬੋਲੀ ਪੰਜਾਬੀ ਰਾਹੀਂ ਕਾਇਲ ਕਰਕੇ ਉਪਦੇਸ਼ ਦਿੱਤਾ ! ਇਸ ਮੰਤਵ ਲਈ ਉਨ੍ਹਾਂ ਨੇ ਆਪਣੇ ਉਪਦੇਸ਼ ਲਈ ਸਮਾਜ ਅੰਦਰ ਲੋਕਾਂ ਨੂੰ ਸੇਧ ਦੇਣ ਲਈ ਮੌਖਿਕ ਅਤੇ ਕਾਵਿ ਰੂਪਾਂ ਦਾ ਰਾਹ ਅਪਣਾਇਆ। ਕਾਵਿ ਰਚਨਾ, ਗਾਇਨ, ਦ੍ਰਿਸ਼, ਦੇਖਣ-ਸੁਣਨ ਬਹਿਸ ਅਤੇ ਕਾਇਲ ਕਰਨ ਦੇ ਰੂਪ ਨੂੰ, 'ਵਿਸ਼ਾ-ਵਸ਼ਤੂ ਵਜੋਂ, ਇੱਕਹ ਨੀਤੀਵਾਨ ਦੇ ਰੂਪ 'ਚ ਦੇਸ਼-ਭਗਤੀ, ਪ੍ਰੇਮ ਭਾਵਨਾਅਤੇ ਨਿਮਰਤਾ ਦਾ ਪਾਠ ਪੜਾਉਣ ਲਈ, 'ਜੀਵਨ ਜਾਂਚ ਸਿੱਖਣ ਵਾਸਤੇ ਨਿਵੇਕਲੇ ਰਾਹ ਸਿੱਖ-ਧਰਮ ਨੂੰ ਜਨਮ ਦਿੱਤਾ। ਪੰਜਾਬ ਅੰਦਰ ਇਸ ਨਵੇਂ ਰੂਪ, ਮਾਰਗ ਅਤੇ ਸਮਾਜ ਨੂੰ ਜਨਮ ਦਿੱਤਾ। ਪੰਜਾਬ ਅੰਦਰ ਇਸ ਨਵੇਂ ਰੂਪ, ਮਾਰਗ ਅਤੇ ਸਮਾਜ ਅੰਦਰ ਤਬਦੀਲੀ ਲਈ ਖੁਦ ਅਗਵਾਈ ਵੀ ਕੀਤੀ। ਸੰਗਤ-ਪੰਗਤ, ਪ੍ਰੇਮ-ਭਾਵਨਾ ਅਤੇ ਬਰਾਬਰਤਾ ਲਈ ਗੁਰੂ ਨਾਨਕ ਦੇਵ ਜੀ ਦੇ ਆਪਣੇ ਕਾਵਿ ਫਲਸਫ਼ੇ ਨੂੰ ਧਰਮ ਦੀ ਕਿਰਤ ਕਰਨੀ, ਵੰਡ ਕੇ ਛੱਕਣਾ, ਸੱਚਾ ਜੀਵਨ ਜਿਊਣ ਅਤੇ ਹੰਡਾਉਣ ਲਈ ਪੇਸ਼ ਕੀਤਾ।

'ਹੱਕ ਪਰਾਇਆ ਨਾਨਕਾ, ਉਸ ਸੂਰ ਉਸ ਗਾਏ।'

ਅੰਦਰੋ ਰਚਨਾਤਮਕ ਵਸਤੂ ਗ੍ਰਹਿਣ ਕਰਨ, ਉਸ ਨੂੰ ਉਸੇ ਰੂਪ ਵਿੱਚ ਹੀ ਨਹੀਂ 'ਬਲਕਿ ਇਕ ਵਿਸ਼ੇਸ਼ ਪ੍ਰਕਿਰਿਆ ਰਾਹੀਂ ਬਦਲੇ ਰੂਪ ਗੁਣਾਤਮਕ ਕਾਵਿ'' ਰਾਹੀਂ ਪੇਸ਼ ਕੀਤਾ। ਪ੍ਰਕਿਰਤੀ ਦੇ ਗਿਆਨ ਨੂੰ ਸਾਹਿਤ ਰਾਹੀ ਲੋਕਾਂ ਤੱਕ ਪਹੁੰਚਾਉਣ ਲਈ ਮੂਲ ਰੂਪ ਵਿੱਚ ਹਿਰਦਿਆ ਅੰਦਰ ਵਸਾਇਆ। ਭਾਰਤੀ ਦਰਸ਼ਨ ਦੀ ਸਮੀਖਿਆ-ਪ੍ਰਨਾਲੀ ਅੰਦਰ ਉਨ੍ਹਾਂ ਨੇ ਰਸ, ਧੁੰਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਚੈਤਨਯ ਨੂੰ ਪੇਸ਼ ਕੀਤਾ, 'ਜੋ ਪੰਜਾਬੀ ਬੋਲੀ ਅੰਦਰ ਪਚਾਰ ਦਾ ਇੱਕ ਨਵਾਂ ਅਤੇ ਅਨੋਖਾ ਰਾਹ ਸੀ ! ਗੁਰੂ ਜੀ ਦੀ ਸਾਹਿਤਕ ਰਚਨਾ ਭਾਵ ਕਾਵਿ ਰਚਨਾ ਜੋ ਕਵਿਤਾ ਦੇ ਰੂਪ ਵਿੱਚ ਭਾਵੇਂ ਕੁਦਰਤ ਦੇ ਰੰਗਾਂ ਅੰਦਰ ਰੱਚੀ ਗਈ ਪ੍ਰਤੀਤ ਹੁੰਦੀ ਹੈ, ਪਰ ਉਹ ਲੋਕ ਪੱਖੀ, ਆਮ ਜਨਤਾ ਦੀ ਬੋਲ-ਬਾਣੀ ਨਾਲ ਮੇਲ ਖਾਂਦੀ ਹੈ। ਰੂਪਕ ਪੱਖ ਤੋਂ ਗੁਰੂ ਨਾਨਕ ਦੇਵ ਜੀ ਦੀ ਕਵਿਤਾ, 'ਪੰਜਾਬੀ ਸਾਹਿਤ ਦੇ ਇਤਿਹਾਸ ਅੰਦਰ, 'ਪੰਜਾਬੀ ਬੋਲੀ ਨੂੰ ਸਾਹਿਤਕ ਰੂਪ ਦੇਣ ਲਈ ਇੱਕ ਪਹਿਲਾ ਅਤੇ ਪ੍ਰਥੱਕ ਉਪਰਾਲਾ ਹੈ।

ਜਾਪੁਜੀ ਸਾਹਿਬ, ਸੋਦਰਿ, ਆਸਾ ਜੀ ਕੀ ਵਾਰ ਅਦਿ ਬਾਣੀਆਂ, ਜੋ ਬਾਕੀ ਭਗਤੀ ਦਾਰਸ਼ਨਿਕ-ਰਿਸ਼ੀਆਂ, ਸੰਤਾਂ, ਭਗਤਾਂ ਵਾਂਗ ਵੈਰਾਗ ਅਤੇ ਮਨੋਧਾਰਨਵਾਲੀ ਸੋਚ ਦੀ ਥਾਂ, 'ਸਕਾਰਾਤਮਿਕ ਵਿਗਿਆਨਕ ਅਤੇ ਤਰਕਸ਼ੀਲਤਾਂ ਵਾਲੇ ਰੌਅ ਵਿੱਚ ਮਿਲਦੀਆ ਹਨ। ਸਗੋਂ ਉਨ੍ਹਾਂ ਦੀ ਕਾਵਿ ਰਚਨਾ ਦਾ ਵਿਸ਼ਾ-ਵਸਤੂ ਕੁਦਰਤ ਦੇ ਰੰਗ ਅੰਦਰ ਰੰਗਿਆ ਹੋਇਆ ਮਿਲਦਾ ਹੈ।

'ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਈ ਲੱਖਿਆ। ਉਨ੍ਹਾਂ ਦੇ ਕਾਵਿ ਅੰਦਰ ਲੋਹੜੇ ਦੀ ਕੁਦਰਤ ਨਾਲ ਨੇੜਤਾ ਦਰਸਾਈ ਮਿਲਦੀ ਹੈ। ਸਾਵਨ ਰੁਤ ਦੀ ਦਾਮਨੀ ਉਨ੍ਹਾਂ ਨੂੰ ਕੰਬਾ ਰਹੀ ਹੈ ਅਤੇ ਬੰਬੀਹੇ ਦੀ ਆਵਾਜ਼ ਉਨ੍ਹਾਂ ਨੂੰ ਡੰਗ ਰਹੀ ਹੈ। ਕਿਨਾ ਸੁਹੇਲਾ ਰੂਪ ਉਨ੍ਹਾਂ ਦੀ ਕਾਵਿ ਵਿੱਚ ਮਿਲਦਾ ਹੈ।

''ਬਰਸੇ ਨਿਸਿ ਕਾਲੀ ਕਿਓ ਸੁੱਖ ਬਾਲੀ, ਕਾਦਰ ਮੋਰ ਲਵੰਤੇ।

ਪ੍ਰਿ'' ਪ੍ਰਿਉ ਚਵੇ ਬੰਬੀਰਾ ਬੋਲੇ, ਭੁਇ ਅੰਗਮ ਫਿ ਰਹਿ ਡਸੰਤੇ।''

ਗੁਰੂ ਜੀ ਜਦੋਂ ਧਰਮ, ਸਤ ਅਤੇ ਇਮਾਨ ਦੀ ਖੋਜ ਵਿੱਚ ਮਗਨ ਹੋਣ ਤਾਂ ਉਹ ਸ਼ਿਗਾਰ, ਵੇਸ, ਅਡੰਬਰ ਆਦਿ ਸਭ ਨੂੰ ਭੁੱਲ ਕੇ, 'ਬਸ ਇਕ ਬਿਹਰੋ ਦੀ ਸਿੱਕ ਨੂੰ ਮਨ ਅੰਦਰ ਧਾਰ ਕੇ,' ਬੇਚੈਨ ਹੋ ਜਾਂਦੇ ਹਨ। ! ਇਸ ਬੇਚੈਨੀ 'ਚ ਕੁਦਰਤ ਨਾਲ ਇਕਮਿਕ ਹੋ ਕੇ 'ਕੁਦਰਤ ਨੂੰ ਪੰਜਾਬੀ ਅੰਦਰ ਬੜੇ ਕਾਵਿ ਰੂਪ ਵਿੱਚ ਪੇਸ਼ ਕਰਦੇ ਹਨ।

'ਹਰਣੀ ਹੋਣਾ ਬਨਿ ਬਸਾ, ਕੰਦ ਮੂਲ ਚੁਣਿ ਖਾਉ।'

ਗੁਰੂ ਜੀ ਦੀ ਕਾਵਿਤਾ ਦਾ ਰੂਪ ਜਨਤਕ ਹੈ। ਜਦੋਂ ਉਹ ਲੋਕਾਂ ਦੇ ਦੁੱਖਾਂ ਨੂੰ ਦੇਖਦੇ ਹਨ, ਲੋਕਾਈ ਵਿਲਕਦੀ ਹੈ ! ਪਰ ਹਾਕਮ ਅਤੇ ਧਾਰਮਿਕ ਆਗੂ ਦੋਨਾਂ ਦੇ ਸ਼ਰਮ ਅਤੇ ਧਰਮ ਅਲੋਪ ਹੋਏ ਦਿਸਦੇ ਹਨ। ਚਾਹੇ ਉਹ ਦਿੱਲੀ ਦਾ ਹਾਕਮ ਲੋਧੀ ਹੋਵੇ ਜਾਂ ਹਮਲਾਵਰ ਲੁਟੇਰਾ (ਬਾਬਰ) ਹੋਵੇ, ਦੋਨੋਂ ਹਾਕਮ ਲੋਕਾਂ 'ਤੇ ਅੱਤਿਆਚਾਰਾਂ, ਕਤਲ ਅਤੇ ਲੁੱਟਮਾਰ ਨੂੰ ਸਮਾਜ ਅੰਦਰ ਕਾਵਿ ਰਚਨਾ ਰਾਹੀ ਪੇਸ਼ ਕਰਕੇ ਦੋਸ਼ੀਆਂ ਨੂੰ ਕਟਿਹਰੇ 'ਚ ਖੜਾ ਕਰਨਾ ਇੱਕ ਇਤਿਹਾਸਕ ਕਾਰਨਾਮਾ ਹੈ। ਸੱਯਦਪੁਰ ਵਿਖੇ ਹਿਦੂ ਅਤੇ ਮੁਸਲਮਾਨਾਂ ਦੋਨੋ ਵਰਗਾਂ ਦੇ ਲੋਕਾਂ ਨਾਲ ਹੋਏ ਅੱਤਿਆਚਾਰਾਂ ਨੂੰ ਜਿੱਥੇ ਨਿੰਦਿਆਂ ਗਿਆ, 'ਉਥੇ ਲੋਕਾਂ ਦੇ ਵੈਣਾਂ ਨੂੰ ਕਵੀ ਇਸ ਤਰ੍ਹਾਂ ਚਿਤਰਦਾ ਹੈ। ਇਸਤਰੀਆ ਦੇ ਸਤ ਭੰਗ ਹੋਏ ਹਨ, ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ, ਲੁੱਟ-ਮਾਰ ਮਚਾਈ ਜਾ ਰਹੀ ਹੈ, ਹਰ ਪਾਸੇ ਹਾ-ਹਾਕਾਰ ਮੱਚੀ ਹੋਈ ! ਪਰ ਹਾਕਮਾਂ ਨੂੰ ਕੋਈ ਡਰ ਭੁ'' ਨਹੀਂ ਹੈ ! ਇਸ ਭਾਵੁਕ ਅਤੇ ਕਰੁਣਾਮਈ ਸੀਨ ਨੂੰ ਲੋਕ ਵੇਦਨਾ ਅੰਦਰ ਪੇਸ਼ ਕਰਦੇ ਹੋਏ ਕਹਿੰਦੇ ਹਨ।

'ਏਤੀ ਮਾਰ ਪਈ ਕਰੁ ਲਾਣੇ ਤੈ ਕੀ ਦਰਦ ਨਾ ਆਇਆ।'

ਕਿਉਂਕਿ ਹਿੰਦੂਸਤਾਨੀਟਾਂ ਅੰਦਰ (ਹਾਕਮ ਤੇ ਧਾਰਮਿਕ ਆਗੂ) ਵੀ ਚੰਗਿਆਈਆਂ ਨਹੀਂ ਸਨ ਰਹੀਆਂ, ਜਿਸ ਕਰਕੇ ਉਨ੍ਹਾਂ ਨੂੰ ਵੀ ਸਜ਼ਾ ਮਿਲੀ ਹੈ।

'ਜਿਸ ਨੂੰ ਕਰਤਾ ਆਪ ਖੁਆਇ, ਖੱਸ ਲਏ ਚੰਗਿਆਏ।'

ਉਪਰੋਕਤ ਕਾਵਿ ਰਚਨਾਵਾਂ ਰਾਹੀਂ ਸਮਾਜ ਅੰਦਰ ਲੋਕਾਂ ਨਾਲ ਹੋ ਰਹੇ ਅਨਿਆਏ ਅਤੇ ਹਾਕਮਾਂ ਦੇ ਅੱਤਿਆਚਾਰਾਂ ਨੂੰ ਪੰਜਾਬੀ ਬੋਲੀ ਅੰਦਰ ਲੋਕ-ਹਿੱਤ ਵਿੱਚ ਪੇਸ਼ ਕਰਕੇ ਗੁਰੂ ਜੀ ਦੀ ਬੌਧਿਕ ਸਾਹਿਤਕਤਾ ਨੂੰ ਉੱਚ ਦਰਜੇ ਤੱਕ ਪਹੁੰਚਾਇਆ ਹੈ।

ਗੁਰੂ ਜੀ ਦੀ ਕਾਵਿ ਅੰਦਰ ਸੁੱਨਖੇ ਅਤੇ ਮਨਭਾਉਂਦੇ ਕਾਵਿ ਰੂਪ ਸਾਹਮਣੇ ਆਉਂਦੇ ਹਨ। ਉਨ੍ਹਾਂ ਨੇ ਭਾਰਤ ਅੰਦਰ ਪ੍ਰਚਲਤ ਸਨਾਤਕੀ ਕਾਵਿ-ਰੂਪਾਂ ਨੂੰ ਪਹਿਲ ਨਹੀਂ ਦਿੱਤੀ ਅਤੇ ਨਾ ਹੀ ਉਨ੍ਹਾਂ ਛੰਦਾਂ ਨੂੰ, 'ਜਿਹੜੇ ਵਧੇਰੇ ਕਰਕੇ ਬ੍ਰਾਹਮਣੀ-ਪੜਤ 'ਚ ਜੋ ਚਾਲੂ ਸਨ, 'ਨੂੰ ਅਪਣਾਇਆ। ਉਨ੍ਹਾਂ ਨੇ ਉਹ ਕਾਵਿ-ਰੂਪ ਵਰਤੇ ਜੋ ਉਸ ਜ਼ਮਾਨੇ 'ਚ ਪ੍ਰਚਲਤ ਸਨ, ਭਾਵ ਲੋਕ ਪੱਖੀ ਅਤੇ ਆਮ ਲੋਕਾਂ ਦੀ ਭਾਖਿਆ ਵਿੱਚ ਸਨ ! ਛੰਤ, ਸੋਹਲੇ, ਅਲਾਹੁਣੀਆਂ, ਪਹਿਰੇ, ਵਾਰ, ਬਾਰਾਮਾਹ, ਪੱਟੀ ਆਦਿ ਦੀ ਵਰਤੋ ਕੀਤੀ ਜੋ ਉਨ੍ਹਾਂ ਦੀ ਬਾਣੀ ਅੰਦਰ ਮਿਲਦੇ ਹਨ। ਇਸ ਕਰਕੇ ਉਨ੍ਹਾਂ ਦੀ ਬਾਣੀ ਲੋਕ ਬਾਣੀ ਵੱਲੋਂ ਪ੍ਰਵਾਨ ਹੋਈ, 'ਕਿਉਂਕਿ ਇਸ ਵਿੱਚ ਲੋਕ ਪੱਖੀ ਗੁਣ ਸਨ ? ਇਸ ਤਰ੍ਹਾਂ ਲੋਕਾਂ ਵੱਲੋਂ ਬੋਲੀ ਜਾਂਦੀ ਬੋਲੀ ਨੂੰ ਕਾਵਿ ਰੂਪ ਮਿਲਣ ਨਾਲ ਇਹ ਲੋਕ ਬੋਲੀ ਵਜੋਂ ਟਕਸਾਲੀ ਬਣ ਗਈ। ਸਗੋਂ ਗੁਰੂ ਜੀ ਨੇ ਸਨਾਤਨੀ ਧਾਰਨਾਵਾਂ ਨੂੰ ਅਪਣਾਉਣ ਵਾਲੇ ਲਿਖਾਰੀਆਂ ਬਾਰੇ ਕਿਹਾ,

'ਨਾਮ ਵਿਸਾ ਰਹੇ ਬੰਘ ਸਮਾਲਹਿ, ਬਿਖ ਭੂਲ ਲੇਖਾਰੀ।'

ਗੁਰੂ ਜੀ ਦੀ ਕਾਵਿ ਰਚਨਾ ਅੰਦਰ ਚਿਤਰਾਂ ਦੀ ਭਰਮਾਰ ਹੈ। ਉਨ੍ਹਾਂ ਨੇ ਲੋਕ-ਭਾਵਾਂ ਚਿਤਰਾਂ ਅਤੇ ਵੱਖ-ਵੱਖ ਵੰਨਗੀਆਂ ਰਾਹੀਂ ਸਮਾਜ ਨੂੰ ਬਹੁਤ ਖੂਬਸੂਰਤੀ ਨਾਲ ਚਿਤਰਿਆ ਹੈ। ਮੌਸਮ ਦੇ ਵੱਖੋ-ਵੱਖ ਰੂਪਾਂ ਦਾ ਚਿਤਰਣ ਆਲੇਖਦੇ ਹੋਏ ਫਰਮਾਉਂਦੇ ਹਨ, ''ਕਿ ਇਹ ਕੁਦਰਤ ਬੇਅੰਤ ਅਤੇ ਭਾਂਤ-ਭਾਂਤ ਦੀ ਇਸ ਸ੍ਰਿਸ਼ਟੀ ਨੂੰ ਹਰਾ-ਭਰਾ ਬਣਾ ਰਹੀ ਹੈ। ਰੁੱਤਾਂ, ਮੌਸਮ, ਬਨਸਪਤੀ, ਫੁੱਲ, ਪੰਛੀ। ਭੌਰ, ਜੀਵ-ਜੰਤੂ, ਪੌਦੇ ਸਭ ਕੁਦਰਤ ਰਹਿੰਦੇ ਹਨ। ਕੁਦਰਤੀ ਦ੍ਰਿਸ਼ ਦਾ ਮਨਮੋਹਕ ਨਮੂਨਾ ਖਜ਼ਾਨੇਨੂੰ ਭਰਪੂਰ ਕਰਦੇ ਰਹਿੰਦੇ ਹਨ।'' ਕੁਦਰਤੀ ਦ੍ਰਿਸ਼ ਦਾ ਮਨਮੋਹਕ ਨਮੂਨਾ ਪੇਸ਼ ਕਰਦੇ ਹਨ।

'ਚੇਤ ਬਸੰਤ ਭਲਾ, ਭਵਰ ਸੁਹਾਵੜ
ਬਨ ਫੂਲ, ਮਝਿ ਬਾਰਿ, ਮੈ ਪਿਰ ਘਰ ਬਾਹੁੜੇ।'

ਪੰਛੀਆਂ ਨੂੰ ਕੁਦਰਤ ਨਾਲ ਕਲੋਲ ਕਰਦੇ ਦ੍ਰਿਸ਼ ਨੂੰ ਬਿਆਨ ਕਰਦੇ ਕਹਿੰਦੇ ਹਨ,

''ਕੋਕਿਲ ਅੰਬ ਸੁਹਾਣੀ ਬੋਲੇ, ਕਿਉਂ ਦੁੱਖ ਅਕਿ ਸਹੀਜੈ।
ਭਵਰ ਭਵੰਤਾ ਫੂਲੀ ਡਾਲੀ, ਕਿਉਂ ਜੀਵਾ ਮਾਰੂ ਮਾਏ।
ਸਾਵਰਿ ਸਰਮ ਮਨਾ ਘਣ ਵਰਸਹਿ ਰੁਤਿ ਆਵੈ।

ਮਨੁੱਖ ਨੂੰ ਕੁਦਰਤ ਨਾਲ ਪਿਆਰ ਕਰਨ, ਕੁਦਰਤ ਵਰਗਾ ਮੇਲ-ਮਿਲਾਪੀ ਬਣਨ ਅਤੇ ਕੁਦਰਤੀ ਹੋਣ ਦਾ ਕਿਵੇਂ ਭਾਵ ਅਰਥਾਂ ਰਾਹੀਂ ਸੁਨੇਹਾ ਦਿੱਤਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਾਹਿਤ ਅੰਦਰ ਲੋਹੜਾਂ ਦੀ ਬੌਧਿਕ ਰਵਾਨੀ ਮਿਲਦੀ ਹੈ। ਸਿਧ-ਗੋਸ਼ਟ ਅੰਦਰ ਸਿਧਾਂ ਨਾਲ ਗੋਸ਼ਟੀ ਵੇਲੇ ਹੋਏ ਸਵਾਲਾਂ ਦੇ ਉਤਰ ਵਜੋ, 'ਗੁਰੂ ਜੀ ਦੇ ਦਿੱਤੇ ਜਵਾਬ ਥੋੜ੍ਹ ਸ਼ਬਦ ਤੇ ਬਹੁਤਾ ਭਾਵ ਕਿੰਨੇ ਢੁੱਕਵੇਂ ਤੇ ਸੰਖੇਪ ਸਨ ਕਿ ਸਿਧਾਂ ਨੂੰ ਆਪਣੇ ਗੱਰੂਰ ਤੋਂ ਪਿਛੇ ਹੱਟਣਾ ਪਿਆ।

ਸਿਧ-ਆਦਿ ਕਉ ਕਵਨ ਬੀਚਾਰ ਕਥੀਅਲ ਸੁੰਨ ਕਹਾ ਘਰ ਵਾਸੋ।

ਗੁਰੂ ਨਾਨਕ ਦੇਵ-ਆਦਿ ਕਉ ਬਿਸਮਾਦ ਬੀਚਾਰ ਕਥੀਅਲੇ ਸੁੰਨ ਨਿਰੰਤਿਰ ਵਾਸੁਲੀਆ। ਇਸ ਗੋਸ਼ਟੀ ਅੰਦਰ ਗੁਰੂ ਜੀ ਨੇ ਬੌਧਿਕ ਤੇ ਸਾਹਿਤਕ ਧਰਾਵਾਂ ਅਤੇ ਰਵਾਇਤਾਂ ਰਾਹੀਂ ਜੋ ਵਿਚਾਰ ਪ੍ਰਗਟਾਏ, 'ਇਕ ਉਚ ਪਾਏ ਦੇ ਗਿਆਨ ਦਾ ਸਬੂਤ ਹੈ।

ਗੁਰੂ ਨਾਨਕ ਦੇਵ ਜੀ ਵੱਲੋ ਕਾਵਿ ਰਚਨਾ ਅੰਦਰ, 'ਮਾਣ-ਮਰਿਯਾਦਾਂ, ਇਨਾਸਫ਼, ਅਦਬ ਅਤੇ ਅਖਲਾਕ, ਦੇ ਸੰਕਲਪ ਨੂੰ ਪੰਜਾਬੀ ਬੋਲੀ ਅੰਦਰ ਚਿਤਰਨ ਲਈ, 'ਅੱਲਕਾਰਾਂ ਦੀ ਵਰਤੋਂ ਜਾਂ ਮਿਸਾਲਾਂ, ਤਸ਼ਬੀਹਾਂ, ਦ੍ਰਿਸ਼ਟਾਂਤ ਜੋ ਆਮ ਜੀਵਨ ਨਾਲ ਸਬੰਧਤ ਸਨ, 'ਸਨ ਵਰਤੇ ਗਏ ਹਨ ! ਇਸ ਤੋਂ ਬਿਨ੍ਹਾਂ ਲੋਕ-ਬੋਲੀ, ਸ਼ਿਸ਼ਟਾਂਚਾਰ, ਕੁਦਰਤ, ਆਲਾ-ਦੁਆਲਾ, ਜਨ-ਜੀਵਨ ਅੰਦਰ ਬੋਲੀ ਜਾਂਦੀ ਭਾਸ਼, ਵਿਰੋਧੀ ਭਾਸ਼ੀ ਸ਼ਬਦਾਬਲੀ, ਬਹੁ-ਵਚਨ, ਪੁਲਿੰਗ ਮੁਹਾਵਰਾਂ ਆਦਿ ਸ਼ਬਦ ਮਿਲਦੇ ਹਨ, 'ਜਿਨ੍ਹਾਂ ਨੇ ਪੰਜਾਬੀ ਬੋਲੀ ਨੂੰ ਖੂਬਸੂਰਤ ਹੀ ਨਹੀਂ ਸਗੋਂ ਅਮਰੀ ਬਣਾਇਆ। ਉਨ੍ਹਾਂ ਨੇ ਮੋਰਾਂ ਦੀ ਰੁਣ-ਝਣਾਂ, ਨਦੀਟਾਂ ਦੇ ਸੰਜੀਗੀ ਮੇਲ, ਅੰਬ-ਕੋਇਲ, ਫੁੱਲ-ਭੌਰ, ਪਾਣੀ-ਮੱਛੀ, ਕੌਡੀ-ਹੀਰਾਂ ਆਦਿ ਮਿਲਦੇ ਜਾਂ ਵਿਰੋਧੀ ਅਲੰਕਾਰ ਸਨ। ਆਪਣੀ ਰਚਨਾ ਅੰਦਰ ਜੋੜ ਕੇ, ਜੋ ਆਮ ਸਮਾਜ ਅੰਦਰ ਪ੍ਰਚਲਤ ਸਨ, ਇਕ ਦੂਸਰੇ ਦੇ ਵਿਰੋਧੀ ਪੂਰਕ ਸਨ, ਨੂੰ ਸੰਪੂਰਨ ਸਮੇਲ ਰਾਹੀਂ ਪੰਜਾਬੀ ਵਿਧਾ ਅੰਦਰ ਪੇਸ਼ ਕੀਤਾ।

ਗੁਰੂ ਜੀ ਦੀ ਕਾਵਿ ਰਚਨਾ ਅੰਦਰ ਬੋਲੀ : ਗੁਰੂ ਜੀ ਦੀਆਂ ਰਚਨਾਵਾਂ ਜਪੁਜੀ ਸਾਹਿਬ, ਸੋਦਰਿ, ਆਸਾ ਜੀ ਕੀ ਵਾਰ, ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਬਾਣੀ ਆਦਿ, 'ਕਿਤੇ ਕਿਤੇ ਸਾਧ ਭਾਸ਼ ਨੂੰ ਛੱਡ ਕੇ, 'ਬਾਕੀ ਸਭ ਟਕਸਾਲੀ ਪੰਜਾਬੀ ਬੋਲੀ ਅੰਦਰ ਹੀ ਅੰਕਿਤ ਹਨ। ਆਮ ਬੋਲੀ ਨੂੰ (ਉਸ ਸਮੇਂ) ਉਨ੍ਹਾਂ ਨੇ ਆਪਣੀਆਂ ਕਾਵਿ ਰਚਨਾਵਾਂ ਅੰਦਰ ਵਰਤੋਂ ਵਿੱਚ ਲਿਆਂਦਾ ਹੈ। ਜਿਸ ਵਿੱਚ ਫ਼ਾਰਸੀ ਅਤੇ ਅਰਬੀ ਕਈ ਸ਼ਬਦ ਜੋ ਪ੍ਰਚਲਤ ਸਨ ਵੀ ਮਿਲਦੇ ਹਨ। ਕਿਤੇ ਕਿਤੇ ਸੰਸਕ੍ਰਿਤੀ ਦੀਆਂ ਵੰਨੀਆਂ ਵੀ ਮਿਲਦੀਆਂ ਹਨ। ਬੋਲੀ ਦੀ ਸਰਲਤਾ, ਸਪੱਸ਼ਟਤਾ ਅਤੇ ਲੋਕਾਂ ਦੀ ਜ਼ਬਾਨ ਨਾਲ ਮੇਲ ਖਾਂਦੀ ਹੈ। ਕਵਿਤਾ ਬਹਤੀ ਸਰੋਦੀ ਜਾਂ ਲਿਰ ਕੇ ਵਿੱਚ ਹੈ। ਸਰੋਦੀ ਕਵਿਤਾ ਜੋ ਨਿੱਜੀ ਪੀੜਾ ਨੂੰ ਆਪ-ਪਰਖੇ ਚਿਨ੍ਹਾਂ ਰਾਹੀਂ ਪ੍ਰਗਟ ਨਾ ਕਰੇ, ਉਸ ਦਾ ਰਸ ਮੁਕ ਜਾਂਦਾ ਹੈ। ਸਰੋਦੀ ਕਵਿਤਾ ਅੰਦਰ ਬਿਆਨ ਸੰਜ਼ਮ ਭਰਿਆ, ਸ਼ਬਦਾਵਾਲੀ ਆਪ ਮਹਿਸੂਸ ਹੋਣ ਵਾਲੀ ਅਤੇ ਲੈਅ-ਗੀਤ ਵਾਲੀ ਹੁੰਦੀ ਹੈ, ਜੋ ਸ਼ਪਸ਼ਟ ਵਾਕੀ ਹੈ। ਕੁਦਰਤ ਦੀ ਬੁਕੱਲ ਵਿੱਚ ਪਲ ਰਿਹਾ ਮਨੁੱਖੀ ਸੰਸਾਰ, ਉਸ ਦਾ ਜਨ-ਜੀਵਨ, ਬੋਲੀਆਂ ਅਤੇ ਸਾਰੀ ਕਾਇਨਾਤ ਦੇ ਅਨੁਭਵਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਰਚਨਾਵਾਂ ਰਾਹੀਂ ਸਰਲ ਭਾਸ਼ਾ ਅੰਦਰ ਬਿਆਨਿਆ ਹੈ।

ਬਾਬਾ ਫਰੀਦ ਜੀ (1173-1266 ਈ:) ਜਿਨ੍ਹਾਂ ਨੇ ਸੂਫ਼ੀਵਾਦ ਰਾਹੀਂ ਪੰਜਾਬੀ ਬੋਲੀ (ਭਾਸ਼ਾ) ਦੇ ਬੂਟੇ ਨੂੰ ਸਿੰਜਿਆ, ਉਨ੍ਹਾਂ ਦੀ ਇੱਕ ਕਾਵਿ ਰਚਨਾ ਜੋ ਸੂੀ ਲਲਿਤ (ਗੁਰੂ ਗ੍ਰੰਥ ਸਾਹਿਬ ਜੀ) ਅੰਦਰ ਦਰਜ ਹੈ,

'ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ।।
ਭਰਿ ਸਰਵਰੁ ਜਬ ਉਛਲੇ ਤਬ ਤਰਣੁ ਦੁਹੇਲਾ।।ਏ।।
ਹਥ ਨ ਲਾਇਕ ਸੁੰਭੜੈ ਜਲਿ ਜਾਸੀ ਢੋਲਾ।।ਏ।।ਰਹਾਓ।।
ਇਕ ਆਪੀ ਨੈ ਪਤਲੀ ਸਹ ਕੇਰੇ ਬੋਲਾ।।
0000000000

ਕਸੁੰਭਾ (ਕਸੁੰਭੜਾ) ਇੱਕ ਫੁੱਲਦਾ ਨਾਂ ਹੈ (ਕੁਸਮ) ਜੋ ਦੇਖਣ ਨੂੰ ਤਾਂ ਬਹੁਤ ਮਨਮੋਹਕ ਹੁੰਦਾ ਹੈ, ਪਰ ਛੇਤੀ ਹੀ ਖਰਾਬ ਹੋ ਜਾਂਦਾ ਹੈ। ਭਾਵ ਇਹ ਛੇਤੀ ਮੁਰਝਾਅ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਲਗਪਗ ਤਿੰਨ-ਸਦੀਆਂ ਪਹਿਲਾਂ ਪੰਜਾਬੀ ਬੋਲੀ ਅੰਦਰ ਉਪਰੋਕਤ ਸ਼ਬਦ ਉਚਾਰਿਆ ਅਤੇ ਇਨਸਾਨੀ ਜ਼ਿੰਦਗੀ ਦੀ ਇੱਕ ਖੂਬਸੂਰਤ ਮੁਕੰਮਲ ਤਸਵੀਰ ਪੰਜਾਬੀ ਬੋਲੀ ਅੰਦਰ ਪੇਸ਼ ਕੀਤੀ।

ਗੁਰੂ ਨਾਨਕ ਦੇਵ ਜੀ (1469-1539 ਈ:) ਜਿਨ੍ਹਾਂ ਨੇ ਉਪਰੋਕਤ ਫ਼ਰੀਦ ਜੀ ਦੇ ਸ਼ਬਦ ਦੇ ਆਹਮੋ-ਸਾਹਮਣੇ ਸੂਹੀ ਮਹੱਲਾ ਏ ਅੰਦਰ ਇੱਕ ਬੇ-ਮਿਸਾਲ ਅਜਿਹਾ ਹੀ ਪੰਜਾਬੀ ਅੰਦਰ ਸ਼ਬਦ ਪੇਸ਼ ਕੀਤਾ।

'ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵੇਹਲਾ।।
ਨਾ ਸਰਵਰੁ ਨਾ ਉਛਲੈ ਲੈ ਐਸਾ ਪੰਥੁ ਸੁਹੇਲ।।ਏ।।
ਤੇਰਾ ਏਕੋ ਨਾਮ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ।।ਏ।।ਰਹਾਉ।।
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ।।0000000000

ਕਸੁੰਭਾ (ਕਸੁੰਭੜਾ) ਜੋ ਛੇਤੀ ਮੁਰਝਾਅ ਜਾਂਦਾ ਹੈ, ਭਾਵ ਸੰਸਾਰ ਅੰਦਰ ਮਰਨਾ ਅਟੱਲ ਹੈ ! ਗੁਰੂ ਨਾਨਕ ਦੇਵ ਕਸੁੰਭੇ ਦੇ ਮੁਕਾਬਲੇ ਮਜੀਠ ਨੂੰ ਵਰਤਿਆ ! ਜੋ ਛੇਤੀ ਰੰਗ ਖਰਾਬ ਨਹੀਂ ਹੁੰਦਾ, ਭਾਵ ਜ਼ਿੰਦਗੀ ਨੂੰ ਮੌਤ ਸਾਹਮਣੇ ਚੰਗੇਰੇ ਕਾਜ ਲਈ ਜੀਵੀਏ ! ਦੋਹਾਂ ਸ਼ਬਦਾਂ ਰਾਹੀਂ ਇਨਸਾਨੀ ਜ਼ਿੰਦਗੀ ਦਾ ਇੱਕ ਬਹੁਤ ਖੂਬਸੂਰਤ ਰੇਖਾ ਚਿੱਤਰ ਦੋਨਾਂ ਦਾਰਸ਼ਨਿਕਾਂ ਨੇ ਪੰਜਾਬੀ ਬੋਲੀ ਰਾਹੀਂ ਰੂਪਮਾਨ ਕਰਕੇ ਪੰਜਾਬੀ ਭਾਸ਼ਾ ਨੂੰ ਅਮੀਰ ਬਣਾਉਣ ਲਈ ਉਪਰਾਲੇ ਕੀਤੇ ਹਨ। ਦੋਨਾਂ ਸ਼ਬਦਾਂ ਅੰਦਰ ਡੂੰਘੀ ਸਾਂਝ, ਬਰਾਬਰਤਾ ਅਤੇ ਪੰਜਾਬੀ ਭਾਸ਼ਾ ਸਬੰਧੀ ਸਪਸ਼ਟਤਾ ਮਿਲਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਕਾਵਿ ਰਚਨਾ ਅੰਦਰ, 'ਲੋਹੜੇ ਦਾ ਹਰ ਤੁਕ ਅੰਦਰ ਰਸ ਮਿਲਦਾ ਹੈ। ਜੋ ਸਾਹਿਤ ਨੂੰ ਸਦੀਵੀ ਜ਼ਿੰਦਗੀ ਦਿੰਦਾ ਹੈ। ਸ਼ਾਂਤ-ਰਸ, ਰੋਦੁਰ, ਭਿਆਨਕ, ਹਸ-ਰਸ ਅਤੇ ਕਰੁਣਾ-ਰਸ ਹਰ ਪਾਸੇ ਫੈਲਰਿਆ ਹੋਇਆ ਮਿਲਦਾ ਹੈ।

ਗੁਰੂ ਜੀ ਦੀ ਰਚਨਾ ਅੰਦਰ ਸ਼ਿੰਗਾਰ-ਰਸ ਬਦੋ-ਬਦੀ ਪਾਠਕ ਨੂੰ ਆਪਣੇ ਵੱਲ ਖਿੱਚਦਾ ਅਤੇ ਇੱਕਗਰਤਾ ਪੈਦਾ ਕਰਦਾ ਹੈ। ਇਕ ਸੁਸ਼ੀਲ ਇਸਤਰੀ ਦੀ ਕੁਦਰਤੀ ਸੁਹੱਪਣ ਨੂੰ ਪੇਸ਼ ਕਰਦੇ ਸ਼ਿੰਗਾਰ ਦੀਆਂ ਵੰਨਗੀਆਂ, ਹੇਠ ਅਨੁਸਾਰ ਪੇਸ਼ ਹਨ,

ਤੇਰੇ ਬੰਕੇ ਲੋਇਨ ਦੰਤ ਰੀਸਾਲਾ, ਸੋਹਣੇ ਨਕ, ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੋਇਨੇ ਕੀ ਢਾਲਾ ਬੰਕੇ ਲੋਇਣ ਦੰਤ ਗੰਸਾਲਾ।

ਜਪੁਜੀ ਸਾਹਿਬ ਰਾਹੀ ਗੁਰੂ ਜੀ ਨੇ ਉਸ ਵੇਲੇ ਦੀਆਂ ਗਲਤ ਸਮਾਜਕ ਧਾਰਨਾਵਾਂ, ਖੋਖਲੇ ਵਿਚਾਰਾਂ ਅਤੇ ਮਿੱਥਾਂ ਵਿਰੁੱਧ ਵਿਗਿਆਨਕ ਵਿਚਾਰਾਂ ਰਾਹੀਂ ਮਨੁੱਖ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ?

ਸੋਚ ਸੋਚਿ ਨਾ ਹੋਵਾਈ, ਜੇ ਸੋਚੀ ਲਖ ਵਾਰ।।

ਸਮਕਾਲੀ ਸੰਨਿਆਸੀਆਂ ਦੀ ਮੌਨ ਧਾਰਕ ਦੀ ਰੁਚੀ ਤੇ ਟਕੋਰ ਕਰਦਿਆਂ ਗੁਰੂ ਜੀ ਨੇ ਲਿਖਿਆ ਹੈ,

ਚੁਪੇ ਚੁਪ ਨਾ ਹੋਵਾਈ ਜੇ ਲਾਇ ਰਹਾ ਲਿਵ ਤਾਰ।।

ਸਗੋਂ ਉਨ੍ਹਾਂ ਨੇ ਮਨੁੱਖ ਨੂੰ ਸਹਿਜ ਰੂਪ ਵਿੱਚ ਜੀਵਨ ਜਿਊਣ, ਕਾਮ-ਕ੍ਰੋਧ, ਲੋਭ, ਮੋਹ, ਹੰਕਾਰ, ਝੂਠ ਅਤੇ ਨਿੰਦਾ ਤੋਂ ਨਿਰ-ਲੇਪ ਰਹਿੰਦੇ ਹੋਏ ਇੱਕ ਵਧੀਆ ਮਨੁੱਖੀ ਜੀਵਨ ਜਿਊਣ ਲਈ ਉਪਦੇਸ਼ ਦਿੱਤਾ। ਜੀਵਨ ਦੇ ਰੰਗ-ਮੰਚ ਤੇ ਆਦਰਸ਼, ਨੈਤਿਕਤਾ, ਸੱਚਾਈ, ਵਿਵਹਾਰ-ਅਚਾਰ ਨੂੰ ਅਪਣਾਉਣ ਲਈ ਆਪਣੀ ਕਾਵਿ ਰਚਨਾ ਰਾਹੀਂ ਉਨ੍ਹਾਂ ਨੇ ਮਨੁੱਖ ਨੂੰ ਉਪਦੇਸ਼ ਦਿੱਤਾ। ਰੱਬ ਦੀ ਪ੍ਰਾਪਤੀ ਬਾਰੇ ਅਤੇ ਸੰਸਾਰਿਕ-ਨਸੀਅਤਾਂ ਦਿੰਦੇ ਹੋਏ ਕਿਹਾ,

ਅੰਜਨ ਮਾਹਿ ਨਿਰੰਜਨ ਰਹੀਏ।
ਆਪ ਗਵਾਈਏ ਤਾਂ ਸਹੁ ਪਾਈਏ।
ਹਉਮੈ ਦੀ ਰਘ ਰੋਗ ਹੈ, ਦਾਰੂ ਭੀ ਇਸ ਮਾਹਿ।
ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆਹ।
ਕੂੜ, ਨਿਖੁੱਟੇ ਨਾਨਕਾ ਓੜਕ ਸਚਿ ਸਹੀ।

ਭੌਤਿਕਵਾਦੀ ਸੰਸਾਰ ਅੰਦਰ ਰੂੜੀਵਾਦੀ ਵਿਚਾਰਾਂ, ਪ੍ਰੰਪਰਾਗਤ ਧਾਰਨਾਵਾਂ ਅਤੇ ਵਹਿਮ-ਭਰਮਾਂ ਵਿਰੁੱਧ ਮਨੁੱਖ ਨੂੰ ਇਕ ਆਦਰਸ਼ਵਾਦੀ ਇਨਸਾਨ ਵੱਜੋ ਵਿਚਰਨ ਲਈ ਕਿਹਾ,

ਸਚੁ ਉਪਰਿ ਸਭੁ ਕੋ, ਉਪਰਿ ਸਚਿ ਆਚਾਰੁ।

ਗੁਰੂ ਨਾਨਕ ਦੇਵ ਜੀ ਦੀ ਰਚਨਾ ਅੰਦਰ ਮਨੁੱਖੀ ਬਰਾਬਰਤਾ ਲਈ ਸੰਗਤ ਤੇ ਪੰਗ ਨੂੰ ਉੱਚ ਦਰਜਾ ਦਿੱਤਾ। ਇਸਤਰੀ ਦੀ ਅੱਧੋਗਤੀ ਵਿਰੁੱਧ ਸਮਾਜ ਨੂੰ ਜਿੰਮੇਵਾਰ ਠਹਿਰਾਉਂਦੇ ਹੋਏ, ਇਸਤਰੀ ਦੀ ਬੇਵੱਸੀ ਅਤੇ ਮਜ਼ਬੂਰੀ ਵਿਰੁੱਧ ਆਵਾਜ਼ ਉਠਾਉਂਦੇ ਹੋਏ, 'ਇਸਤਰੀ ਨੂੰ ਬਰਾ-ਬਰਤਾ ਦਾ ਦਰਜਾ ਦੇਣ ਦੀ ਮੰਗ ਕਰਦੇ ਹੋਏ ਕਿਹਾ ਕਿ,

''ਸੋ ਕਿਉ ਮੰਦਾ ਆਖੀਐ, ਜਿਤੁ ਜੰਮੈ ਰਾਜਾਨ।''

ਸੰਖੇਪ 'ਚ ਗੁਰੂ ਨਾਨਕ ਦੇਵ ਜੀ ਦੀ ਕਾਵਿ ਰਚਨ ਅੰਦਰ ਸਮਾਜਕ ਮਿੱਥਾਂ ਦੇ ਵਿਰੁੱਧ ਤਰਕਸ਼ੀਲਤਾ ਰਾਹੀ, 'ਸਚਾਈ ਦੇ ਰਾਹ ਤੇ ਚੱਲਣ, ਚੰਗੇ ਕਰਮ ਕਰਨ ਲਾਈ, ਸਦਾਚਾਰਕ ਜੀਵਨ ਜਿਊਣ ਲਈ ਨਰੋਈ ਪਿਰਤ ਪਾਉਂਦੇ ਹੋਏ, ਲੋਕ ਬੋਲੀ ਜੋ ਜਨ-ਸਧਾਰਨ ਦੀ ਸਮਝ ਵਿੱਚ ਆਉਣ ਵਾਲੀ ਪ੍ਰਾਤਿਕ ਬੋਲੀ ਪੰਜਾਬੀ ਸੀ, ਨੂੰ ਪ੍ਰਚਲਤ ਕੀਤਾ। ਉਨ੍ਹਾਂ ਨੇ ਪੰਜਾਬੀ ਬੋਲੀ ਰਾਹੀਂ ਲੋਕਾਂ ਦੇ ਵਿਕਾਸ ਅਤੇ ਉਦੇਸ਼ਾਂ ਵਿੱਚ ਇਕਸਾਰਤਾ ਲਿਆਉਣ ਲਈ ਪੰਜਾਬੀਅਤ ਨੂੰ ਮਜ਼ਬੂਤ ਕੀਤਾ। ਜਿਸ ਨੇ ਲੋਕਾਂ ਅੰਦਰ ਦੇਸ਼ ਭਗਤੀ ਨੂੰ ਆਉਣ ਵਾਲੇ ਸਮੇਂ ਲਈ ਜਨਮ ਦਿੱਤਾ।

ਗੁਰੂ ਜੀ ਦੀ ਸਾਹਿਤਕ ਰਚਨਾ ਅੰਦਰ, 'ਸਰਲ ਭਾਸ਼ਾ, ਜੋ ਲੋਕ ਪੱਖੀ, ਲੋਕਾਂ ਦੇ ਰੋਜ਼ਾਨਾ ਜੀਵਨ 'ਚ ਵਿਚਰਨ ਵਾਲੀ ਭਾਸ਼ਾ ਸੀ, 'ਅਰਥ-ਭਰਪੂਰ ਬਣ ਗਈ। ਉਨ੍ਹਾਂ ਨੇ ਸਾਹਿਤ ਅੰਦਰ ਵਿਚਾਰ ਤੱਤ ਜੋ ਕਥਲ ਅਤੇ ਧਿਆਨ ਕੇਂਦਰਿਤ ਸਨ, ਨੂੰ ਮਜ਼ਬੂਤ ਕੀਤਾ। ਉਨ੍ਹਾਂ ਨੇ ਸਾਹਿਤਕ ਰਚਨਾਵਾਂ ਅੰਦਰ ਆਪਣੇ ਵਿਚਾਰਾਂ ਨੂੰ ਵਸਤੂ ਦੀ ਹੋਂਦ ਜਾਂ ਅਣਹੋਂਦ ਨੂੰ ਸਿੱਧ ਕਰਕੇ, ਇੱਕ ਤਰਕ ਜਾਂ ਵਿਗਿਆਨਕ ਪ੍ਰਪੱਕਤਾ ਨੂੰ ਪੈਦਾ ਕੀਤਾ। ਸਾਹਿਤ ਪ੍ਰਮਾਣ, ਪ੍ਰਤੀਵਾਦ, ਕਰੁਣਾ, ਤ੍ਰਾਸਦੀ, ਕ੍ਰੋਧ ਆਦਿ ਭਾਵਾਂ ਦੀ ਉਕਸਾਹਟ ਦੀ ਥਾਂ, ਮੂਲ-ਤੱਤ, ਸਚਾਈ, ਵਰਗ-ਸੰਘਰਸ਼ ਦੇ ਵਿਚਾਰਾਂ ਦਾ ਪ੍ਰਗਟਾਵਾਂ ਕਰਕੇ, ਉਸ ਮੱਧ-ਯੁੱਗ ਅੰਦਰ ਇੱਕ ਯਥਾਰਥਵਾਦੀ ਪ੍ਰੰਪਰਾਂ ਨੂੰ ਅੱਗੇ ਤੋਰਿਆ ਅਤੇ ਪੰਜਾਬੀ ਬੋਲੀ ਨੂੰ ਅਮੀਰ ਬਣਾਇਆ। ਗੁਰੂ ਨਾਨਕ ਦੇਵ ਜੀ ਦੀ ਉਚ ਬੌਧਿਕ ਰਚਨ, ਜੋ ਲੋਕ ਪੱਖੀ ਅਤੇ ਪ੍ਰਾਂਤਿਕ ਸੀ। ਜਿਸ ਵੱਲੋਂ ਸਾਹਿਤਕ-ਖੇਤਰ ਅੰਦਰ ਅਹਿਮ-ਗਿਆਨ ਲਈ ਭਰਪੂਰ ਯੋਗਦਾਨ ਪਾਇਆ, ਨੇ ਪੰਜਾਬੀ ਬੋਲੀ ਨੂੰ ਸਦਾ ਲਈ ਸਥਾਪਤ ਕਰ ਦਿੱਤਾ।





# ਜਲਾਲਾਬਾਦ ਤੇ ਦਾਖਾ ਦੋਵੇਂ ਹਲਕੇ ਚੋਣ ਕਮਿਸ਼ਨ ਨੇ ਸੰਵੇਦਨਸ਼ੀਲ ਐਲਾਨੇ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਪੰਜਾਬ 'ਚ ਉੱਪ ਚੋਣਾਂ ਵਾਲੇ ਜਲਾਲਾਬਾਦ ਅਤੇ ਦਾਖਾ ਦੇ ਵਿਧਾਨ ਸਭਾ ਹਲਕਿਆਂ ਨੂੰ ਸੁਰੱਖਿਆ ਪੱਖੋਂ ਸੰਵੇਦਨਸ਼ੀਲ ਐਲਾਨ ਕਰ ਦਿੱਤਾ ਹੈ। ਇਨ੍ਹਾਂ ਹਲਕਿਆਂ ਵਿੱਚ ਪੈਰਾ ਮਿਲਟਰੀ ਫੋਰਸ ਦੀ ਨਿਗਰਾਨੀ ਹੇਠ ਵੋਟਾਂ ਪੈਣਗੀਆਂ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐੱਸ ਕਰੁਣਾ ਰਾਜੂ ਨੇ ਦੱਸਿਆ ਕਿ ਭਾਵੇਂ ਚਾਰ ਹਲਕਿਆਂ 'ਚ ਉੱਪ ਚੋਣਾਂ ਹੋ ਰਹੀਆਂ ਹਨ, ਪਰ ਜਲਾਲਾਬਾਦ ਅਤੇ ਦਾਖਾ ਹਲਕੇ 'ਚ ਸੱਤਾਧਾਰੀ ਕਾਂਗਰਸ ਅਤੇ ਵਿਰੋਧੀ ਪਾਰਟੀ ਅਕਾਲੀ ਦਲ ਵਿੱਚ ਸਖਤ ਮੁਕਾਬਲਾ ਅਤੇ ਚੋਣ ਮੁਹਿੰਮ ਵਿੱਚ ਸ਼ਾਮਲ ਮੁੱਖ ਮੰਤਰੀ ਅਤੇ ਮੰਤਰੀਆਂ ਸਮੇਤ ਦੋਵਾਂ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਦੀ ਸਰਗਰਮੀ ਨੂੰ ਦੇਖਦਿਆਂ ਇਨ੍ਹਾਂ ਦੋ ਹਲਕਿਆਂ ਨੂੰ ਸੰਵੇਦਨਸ਼ੀਲ ਮੰਨਿਆ ਗਿਆ ਹੈ। ਇਸ ਕਾਰਨ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਨੇ ਜਲਾਲਾਬਾਦ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਦਾਖਾ ਲਈ ਪੈਰਾ ਮਿਲਟਰੀ ਫੋਰਸ ਦੀ ਮੰਗ ਕੀਤੀ ਸੀ। ਮੁੱਖ ਚੋਣ ਅਧਿਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਚੋਣ ਕਮਿਸ਼ਨ ਦੀ ਮੰਗ 'ਤੇ ਪੰਜਾਬ ਦੀਆਂ ਉਪ ਚੋਣਾਂ ਲਈ ਪੈਰਾ ਮਿਲਟਰੀ ਫੋਰਸ ਦੀਆਂ 17 ਕੰਪਨੀਆਂ ਦੇ ਦਿੱਤੀਆਂ ਹਨ, ਇਸ ਵਿੱਚੋਂ 10 ਕੰਪਨੀਆਂ ਪਹਿਲਾਂ ਹੀ ਸੂਬੇ ਵਿੱਚ ਸਨ, ਜਦ ਕਿ ਸੱਤ ਹੋਰ ਕੰਪਨੀਆਂ ਆ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਰਾਜ ਦੇ ਚਾਰ ਹਲਕਿਆਂ ਵਿੱਚ 400 ਤੋਂ ਵੱਧ ਬੂਥਾਂ ਨੂੰ ਸੰਵੇਦਨਸ਼ੀਲ ਮੰਨ ਕੇ ਇਨ੍ਹਾਂ ਵਿੱਚ ਵਧੇਰੇ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। ਦਾਖਾ ਅਤੇ ਜਲਾਲਾਬਾਦ ਵਿੱਚ ਜ਼ਿਆਦਾ ਫੋਰਸ ਦੀ ਲੋੜ ਹੈ, ਜਦ ਕਿ ਮੁਕੇਰੀਆਂ ਅਤੇ ਫਗਵਾੜਾ ਵਿੱਚ ਸਥਿਤੀ ਹੋਰ ਹੈ, ਪਰ ਮੌਕੇ ਅਨੁਸਾਰ ਲੋੜ ਪੈਣ 'ਤੇ ਵੋਟਾਂ ਸਮੇਂ ਸਭ ਥਾਵਾਂ 'ਤੇ ਪੂਰੀ ਫੋਰਸ ਲਾਈ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਮਾਈਕ੍ਰੋ ਆਬਜ਼ਰਵਰ ਲਾਉਣ ਤੋਂ ਇਲਾਵਾ ਵੋਟਿੰਗ ਦਾ ਪੂਰਾ ਕੰਮ ਸੀ ਸੀ ਟੀ ਵੀ ਕੈਮਰਿਆਂ ਦੀ ਨਿਗਾਰਨੀ ਹੇਠ ਹੋਵੇਗਾ।

ਇਸ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ਾਂ 'ਚ ਤਬਦੀਲ ਕੀਤੇ ਗਏ ਦਾਖਾ ਦੇ ਥਾਣਾ ਮੁਖੀ ਐੱਸ ਐੱਚ ਓ ਪ੍ਰੇਮ ਸਿੰਘ ਦੀ ਥਾਂ ਕਿੱਕਰ ਸਿੰਘ ਨੂੰ ਥਾਣਾ ਮੁਖੀ ਲਾਇਆ ਗਿਆ ਹੈ। ਰਾਜ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐਸ ਕਰੁਣਾ ਰਾਜੂ ਨੇ ਦੱਸਿਆ ਕਿ ਪੁਲਸ ਵਿਭਾਗ ਵੱਲੋਂ ਭੇਜੇ ਗਏ ਪੈਨਲ ਨੂੰ ਚੋਣ ਕਮਿਸ਼ਨ ਕੋਲ ਭੇਜਿਆ ਗਿਆ ਸੀ ਅਤੇ ਪ੍ਰਵਾਨਗੀ ਮਿਲਣ ਪਿੱਛੋਂ ਨਵਾਂ ਥਾਣਾ ਮੁਖੀ ਲਾਇਆ ਹੈ। ਐੱਸ ਐੱਚ ਓ ਪ੍ਰੇਮ ਸਿੰਘ ਖਿਲਾਫ ਅਕਾਲੀ ਦਲ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਕੈਪਟਨ ਸੰਦੀਪ ਸੰਧੂ ਦੇ ਸਮਰਥਨ ਲਈ ਵੋਟਰਾਂ ਨੂੰ ਪ੍ਰਭਾਵਤ ਕਰ ਰਹੇ ਹਨ।

# ਕਈ ਵਿਭਾਗਾਂ ਦੀ ਗਲਤੀ ਨਾਲ ਹੋਇਆ ਸੀ ਬਟਾਲੇ ਦਾ ਬਲਾਸਟ

ਬਟਾਲਾ (ਗੁਰਦਾਸਪੁਰ), 16 ਅਕਤੂਬਰ (ਪੋਸਟ ਬਿਊਰੋ)- ਇਸ ਨਗਰ ਦੀ ਪਟਾਕਾ ਫੈਕਟਰੀ ਦੇ ਧਮਾਕਾ ਕੇਸ ਵਿੱਚ 45 ਸਫਿਆਂ ਦੀ ਜਾਂਚ ਰਿਪੋਰਟ ਵਿੱਚ ਕਈ ਵਿਭਾਗਾਂ ਦੀ ਗਲਤੀ ਪਤਾ ਲੱਗੀ ਹੈ। ਡਿਪਟੀ ਕਮਿਸ਼ਨਰ ਵਿਪੁਲ ਉਜਵਲ ਨੇ ਕੱਲ੍ਹ ਇਹ ਜਾਂਚ ਰਿਪੋਰਟ ਵਧੀਕ ਚੀਫ ਸੈਕਟਰੀ ਸਤੀਸ਼ ਚੰਦਰਾ ਨੂੰ ਡਿਸਪੈਚ ਕਰ ਦਿੱਤੀ ਹੈ।




ਪਤਾ ਲੱਗਾ ਹੈ ਕਿ ਇਸ ਜਾਂਚ ਰਿਪੋਰਟ ਵਿੱਚ ਕਈ ਵਿਭਾਗਾਂ ਦੀ ਲਾਪਰਵਾਹੀ ਨਿਕਲੀ ਹੈ। ਇਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੇ ਬਿਆਨ ਦਰਜ ਹਨ, ਪਰ ਡਿਪਟੀ ਕਮਿਸ਼ਨਰ ਡੀ ਸੀ ਨੇ ਕਿਸੇ ਦਾ ਨਾਂਅ ਜਨਤਕ ਨਹੀਂ ਕੀਤਾ। ਪਟਾਕਾ ਫੈਕਟਰੀ ਵਿੱਚ ਧਮਾਕੇ ਨਾਲ 24 ਲੋਕਾਂ ਦੀ ਮੌਤ ਹੋ ਗਈ ਅਤੇ 16 ਗੰਭੀਰ ਜ਼ਖਮੀ ਹੋਏ ਸਨ। ਗੁਰਦਾਸਪੁਰ ਦੇ ਏ ਡੀ ਸੀ (ਜਨਰਲ) ਤਜਿੰਦਰ ਸਿੰਘ ਸੰਧੂ ਨੂੰ ਹਾਦਸੇ ਦੀ ਮੈਜਿਸਟਰੇਟੀ ਜਾਂਚ ਸੌਂਪੀ ਗਈ ਸੀ। ਏ ਡੀ ਸੀ ਸੰਧੂ ਦਾ ਕਹਿਣਾ ਹੈ ਕਿ ਜਾਂਚ ਵਿੱਚ ਜਿਨ੍ਹਾਂ ਵਿਭਾਗਾਂ ਅਤੇ ਅਧਿਕਾਰੀਆਂ ਦੀ ਗਲਤੀ ਸਾਹਮਣੇ ਆਈ ਹੈ, ਉਨ੍ਹਾਂ ਨੇ ਉਹ ਜਾਂਚ ਰਿਪੋਰਟ ਵਿੱਚ ਲਿਖ ਦਿੱਤਾ ਹੈ। ਰਿਪੋਰਟ ਦੋ ਦਿਨ ਵਿੱਚ ਚੰਡੀਗੜ੍ਹ ਪਹੁੰਚ ਜਾਏਗੀ। ਦੱਸਿਆ ਜਾ ਰਿਹਾ ਹੈ ਕਿ ਇਸ ਵਾਰ ਲਾਪਰਵਾਹੀ ਵਰਤਣ ਵਾਲੇ ਅਧਿਕਾਰੀ ਤੇ ਮੁਲਾਜ਼ਮ ਫਸ ਜਾਣਗੇ। ਇਹ ਕਿਹਾ ਜਾ ਰਿਹਾ ਹੈ ਕਿ ਕੁਝ ਵਿਭਾਗਾਂ ਨੇ ਪਹਿਲਾਂ ਵਾਲੀਆਂ ਗਲਤੀਆਂ ਦੁਹਰਾਈਆਂ ਹਨ।

# ਪੰਜਾਬ ਪੁਲਸ ਦੇ 120 ਅਫਸਰਾਂ ਤੇ ਮੁਲਾਜ਼ਮਾਂ ਨੂੰ ਸਖਤ ਸਜ਼ਾਵਾਂ ਹੋਣ ਦੀ ਸੰਭਾਵਨਾ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ 120 ਅਫਸਰਾਂ/ ਮੁਲਾਜ਼ਮਾਂ ਉਤੇ ਖਾੜਕੂਵਾਦ ਦੇ ਦੌਰ ਦੌਰਾਨ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰਨ, ਅਗਵਾ ਕਰਨ ਜਾਂ ਹੋਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਕਾਰਨ ਸਖਤ ਸਜ਼ਾਵਾਂ ਹੋਣ ਦੀ ਤਲਵਾਰ ਲਟਕ ਰਹੀ ਹੈ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਤਿੰਨ ਪੰਨਿਆਂ ਦੀ ਜੋ ਚਿੱਠੀ ਲਿਖੀ ਹੈ, ਉਸ ਮੁਤਾਬਕ ਮੁਹਾਲੀ ਵਿਚਲੀ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਵਿੱਚ 31 ਅਜਿਹੇ ਕੇਸਾਂ ਦੀ ਸੁਣਵਾਈ ਚੱਲ ਰਹੀ ਹੈ। ਇਨ੍ਹਾਂ ਕੇਸਾਂ ਵਿੱਚ 120 ਅਫਸਰ ਅਤੇ ਮੁਲਾਜ਼ਮ ਨਾਮਜ਼ਦ ਹਨ ਜਿਨ੍ਹਾਂ ਨੂੰ ਸਜ਼ਾਵਾਂ ਹੋਣ ਦਾ ਡਰ ਹੈ। ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਆਉਂਦੇ ਕੁਝ ਮਹੀਨਿਆਂ ਦੌਰਾਨ ਪੰਜਾਬ ਪੁਲਸ ਦੇ 10 ਅਫਸਰ ਤੇ ਮੁਲਾਜ਼ਮਾਂ, ਜਿਨ੍ਹਾਂ



ਵਿੱਚ ਡੀ ਐਸ ਪੀ ਰੈਂਕ ਦੇ ਦੋ ਅਫਸਰ ਵੀ ਸ਼ਾਮਲ ਹਨ, ਨੂੰ ਸਜ਼ਾਵਾਂ ਹੋਣ ਦੀ ਸੰਭਾਵਨਾ ਹੈ। ਰਾਜ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਕੇਂਦਰੀ ਜਾਂਚ ਬਿਊਰੋ ਨੇ ਪੰਜਾਬ ਪੁਲਸ ਦੇ ਅਫਸਰਾਂ ਤੇ ਮੁਲਾਜ਼ਮਾਂ ਵਿਰੁੱਧ ਕਤਲ ਜਾਂ ਹੋਰ ਸੰਗੀਨ ਧਰਾਵਾਂ ਦੇ 101 ਅਪਰਾਧਕ ਕੇਸ ਦਰਜ ਕੀਤੇ ਸਨ। ਇਨ੍ਹਾਂ ਵਿੱਚ ਜ਼ਿਆਦਾਤਰ ਕਤਲ ਅਤੇ ਅਗਵਾ ਦੇ ਸਨ। 27 ਕੇਸਾਂ ਨੂੰ ਠੱਪ ਕਰ ਦਿੱਤਾ ਗਿਆ ਹੈ ਭਾਵ ਸੀ ਬੀ ਆਈ ਨੂੰ ਕੋਈ ਠੋਸ ਸਬੂਤ ਨਹੀਂ ਮਿਲੇ।

ਵਰਨਣ ਯੋਗ ਹੈ ਕਿ ਖਾੜਕੂਵਾਦ ਦੀ ਲੜਾਈ ਲੜਦਿਆਂ ਜਸਵੰਤ ਸਿੰਘ ਖਾਲੜਾ ਨੇ ਤਰਨ ਤਾਰਨ ਦੀ ਸ਼ਮਸ਼ਾਨ ਘਾਟ ਵਿੱਚ ਪੁਲਸ ਵੱਲੋਂ 2097 ਵਿਅਕਤੀਆਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਰਾਰ ਦੇ ਕੇ ਸਸਕਾਰ ਕਰਨ ਦੇ ਤੱਥ ਜਨਤਕ ਕੀਤੇ ਸਨ। ਉਸ ਨੂੰ ਮਗਰੋਂ ਅਗਵਾ ਕਰ ਲਿਆ ਗਿਆ ਤੇ ਉਸ ਦਾ ਖੁਰਾ-ਖੋਜ ਨਹੀਂ ਮਿਲਿਆ। ਸੀ ਬੀ ਆਈ ਦੀ ਲੰਮੀ ਜਾਂਚ ਤੋਂ ਬਾਅਦ ਪੰਜ ਪੁਲਸ ਵਾਲਿਆਂ ਨੂੰ ਖਾਲੜਾ ਨੂੰ ਅਗਵਾ ਕਰਨ ਅਤੇ ਮਾਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਪੁਲਸ ਮੁਲਾਜ਼ਮਾਂ ਤੇ ਅਫਸਰਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਸ ਪਿੱਛੋਂ ਸੁਪਰੀਮ ਕੋਰਟ ਨੇ ਪੁਲਸ ਵਾਲਿਆਂ ਦੀ ਅਪੀਲ ਰੱਦ ਕਰ ਦਿੱਤੀ ਸੀ। ਇਨ੍ਹਾਂ ਸਾਰੇ ਪੁਲਸ ਅਫਸਰ ਤੇ ਮੁਲਾਜ਼ਮਾਂ ਨੂੰ ਵੀ ਰਾਜ ਸਰਕਾਰ ਛੱਡਣਾ ਚਾਹੁੰਦੀ ਹੈ।

## ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਡੀ ਏ ਲਈ ਪੈਸੇ ਨਹੀਂ, ਪਰ ਅਫਸਰਾਂ ਨੂੰ ਮਿਲੇਗਾ


ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਦੋ ਦਿਨਾਂ ਬੈਠਕ ਵਿੱਚ ਆਰਥਿਕ ਸੰਕਟ ਦੱਸ ਕੇ ਤਿੰਨ ਫੀਸਦੀ ਤੋਂ ਜ਼ਿਆਦਾ ਡੀ ਏ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਦਿਲਚਸਪ ਗੱਲ ਇਹ ਹੈ ਕਿ ਜਦੋਂ ਉਹ ਮੀਟਿੰਗ ਵਿੱਚ ਸਨ, ਉਸੇ ਦੌਰਾਨ ਉਨ੍ਹਾਂ ਦੇ ਵਿਭਾਗ ਨੇ ਆਈ ਏ ਐੱਸ, ਆਈ ਪੀ ਐੱਸ ਅਤੇ ਆਈ ਏ ਐੱਸ ਅਫਸਰਾਂ ਲਈ ਕੇਂਦਰ ਸਰਕਾਰ ਵੱਲੋਂ ਛੇ ਫੀਸਦੀ ਡੀ ਏ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਤਾਕੀਦ ਵੀ ਕਰ ਦਿੱਤੀ ਕਿ ਜਦੋਂ ਕੇਂਦਰ ਸਰਕਾਰ ਡੀ ਏ ਦਾ ਐਲਾਨ ਕਰੇਗੀ, ਉਸੇ ਸਮੇਂ ਵਿੱਤ ਵਿਭਾਗ ਵੀ ਇਹ ਕਰ ਦੇਵੇਗਾ। ਇਸ ਦੇ ਲਈ ਅੱਗੇ ਤੋਂ ਹੋਰ ਪੱਤਰ ਜਾਰੀ ਨਹੀਂ ਕੀਤਾ ਜਾਏਗਾ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕੱਲ੍ਹ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਰਮਚਾਰੀ ਸੰਗਠਨਾਂ ਦੀ ਮੀਟਿੰਗ ਵਿੱਚ ਸਾਫ ਕਿਹਾ ਕਿ ਸਰਕਾਰ ਆਰਥਿਕ ਸੰਕਟ ਵਿੱਚ ਹੈ ਅਤੇ ਕਰਮਚਾਰੀਆਂ ਨੂੰ ਤਿੰਨ ਫੀਸਦੀ ਡੀ ਏ ਤੋਂ ਵੱਧ ਦੇਣ ਦੀ ਸਥਿਤੀ ਵਿੱਚ ਨਹੀਂ। ਉਨ੍ਹਾ ਨੇ ਇਹ ਵੀ ਕਿਹਾ ਕਿ ਪੰਜਾਬ ਨੇ ਕੇਂਦਰ ਸਰਕਾਰ ਤੋਂ ਜੀ ਐੱਸ ਟੀ ਦਾ 2000 ਕਰੋੜ ਰੁਪਏ ਬਕਾਇਆ ਲੈਣਾ ਹੈ। ਜੇ ਕੇਂਦਰ ਸਰਕਾਰ ਜਲਦੀ ਇਹ ਰਾਸ਼ੀ ਦੇ ਦੇਵੇ ਤਾਂ ਸਰਕਾਰ ਇਸ ਵਿੱਚ ਕੁਝ ਰਾਸ਼ੀ ਕਰਮਚਾਰੀਆਂ ਨੂੰ ਦੇ ਸਕਦੀ ਹੈ, ਪਰ ਉਹ ਇਸ ਨੂੰ ਸਮਾਂਬੱਧ ਨਹੀਂ ਕਰ ਸਕਦੇ। ਛੇਵੇਂ ਤਨਖਾਹ ਕਮਿਸ਼ਨ ਬਾਰੇ ਸਾਫ ਕਿਹਾ ਕਿ ਸਰਕਾਰ ਅਜੇ ਇਸ ਸਥਿਤੀ ਵਿੱਚ ਨਹੀਂ ਕਿ ਨਵੇਂ ਭੱਤੇ ਲਾਗੂ ਕੀਤੇ ਜਾਣ।

## ਰਾਧੇ ਮਾਂ ਕੇਸ ਵਿਚ ਐੱਸ ਐੱਸ ਪੀ ਦੇ ਗਲਤ ਐਫੀਡੇਵਿਟ ਲਈ ਹਵਾਲਦਾਰ ਜ਼ਿੰਮੇਵਾਰ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਰਾਧੇ ਮਾਂ ਦੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਬਾਰੇ ਉਲੰਘਣਾ ਪਟੀਸ਼ਨ ਉੱਤੇ ਹਾਈ ਕੋਰਟ ਦਾ ਹੁਕਮ ਨਾ ਮਿਲਣ ਬਾਰੇ ਐੱਸ ਐੱਸ ਪੀ ਦੇ ਗਲਤ ਐਫੀਡੇਵਿਟ ਲਈ ਹਵਾਲਦਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਪੰਜਾਬ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਗਲਤੀ ਦੀ ਜਾਂਚ ਕੀਤੀ ਜਾਵੇਗੀ।

ਇਸ ਕੇਸ ਦੇ ਪਟੀਸ਼ਨਰ ਫਗਵਾੜਾ ਦੇ ਸੁਰਿੰਦਰ ਮਿੱਤਲ ਦੇ ਵਕੀਲ ਨੇ ਕਿਹਾ ਕਿ ਕਪੂਰਥਲਾ ਦੇ ਐੱਸ ਐੱਸ ਪੀ ਨੇ ਅਦਾਲਤੀ ਹੁਕਮ ਨਾ ਮਿਲਣ ਦਾ ਐਫੀਡੇਵਿਟ ਦੇ ਕੇ ਕੋਰਟ ਨੂੰ ਗੁਮਰਾਹ ਕੀਤਾ ਹੈ, ਜਦ ਕਿ ਉਨ੍ਹਾਂ ਨੂੰ ਕੋਰਟ ਦੇ ਹੁਕਮ ਦੀ ਜਾਣਕਾਰੀ ਦਿੱਤੀ ਗਈ ਸੀ। ਹਾਈ ਕੋਰਟ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਇਸ ਮਾਮਲੇ ਵਿੱਚ ਦਖਲ ਦੇਣ ਲਈ ਕਿਹਾ ਸੀ।




ਇਸ ਦੀ ਸੁਣਵਾਈ ਵੇਲੇ ਕਿਹਾ ਗਿਆ ਕਿ ਓਦੋਂ ਦੇ ਕਪੂਰਥਲਾ ਦੇ ਐਸ ਐਸ ਪੀ ਸੰਦੀਪ ਕੁਮਾਰ ਸ਼ਰਮਾ ਨੇ ਗਲਤ ਜਾਣਕਾਰੀ ਦਾ ਐਫੀਡੇਵਿਟ ਦਿੱਤਾ ਸੀ। ਡੀ ਜੀ ਪੀ ਇਸ ਮਾਮਲੇ ਨੂੰ ਦੇਖ ਰਹੇ ਹਨ ਅਤੇ ਹਵਾਲਦਾਰ ਨੂੰ ਗਲਤੀ ਦਾ ਜ਼ਿੰਮੇਵਾਰ ਪਾਇਆ ਗਿਆ। ਸੰਬੰਧਤ ਐਫੀਡੇਵਿਟ ਐੱਸ ਐੱਸ ਪੀ ਨੇ ਫਾਈਨਲ ਨਹੀਂ ਕੀਤਾ ਸੀ ਅਤੇ ਨਾ ਹਵਾਲਦਾਰ ਨੇ ਸਾਈਨ ਕੀਤੇ ਸਨ। ਕੋਰਟ ਨੇ ਇਸ ਕੋਤਾਹੀ ਲਈ ਜ਼ਿੰਮੇਵਾਰ ਉੱਤੇ ਕਾਰਵਾਈ ਦੀ ਜਾਣਕਾਰੀ ਮੰਗੀ ਹੈ।

## ਸੱਤਵੀਂ ਕਲਾਸ ਦੇ ਵਿਦਿਆਰਥੀ ਨੇ ਪੱਖੇ ਨਾਲ ਲਿਆ ਫਾਹਾ

ਝਬਾਲ, 16 ਅਕਤੂਬਰ (ਪੋਸਟ ਬਿਊਰੋ)- ਸਥਾਨਕ ਅੱਡਾ ਝਬਾਲ ਬਾਬਾ ਜੱਲ੍ਹਣ ਕਲੋਨੀ 'ਚ ਇੱਕ ਸੱਤਵੀਂ ਕਲਾਸ ਵਿੱਚ ਪੜ੍ਹਦੇ ਵਿਦਿਆਰਥੀ ਗੁਰਦਿੱਤ ਸਿੰਘ (14) ਪੁੱਤਰ ਮਰਹੂਮ ਕੁਲਵੰਤ ਸਿੰਘ ਵੱਲੋਂ ਪੱਖੇ ਨਾਲ ਪਰਨਾ ਬੰਨ੍ਹ ਕੇ ਫਾਹਾ ਲੈ ਕੇ ਆਪਣੀ ਆਤਮ ਹੱਤਿਆ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਮਿਲ ਸਕੀ ਜਾਣਕਾਰੀ ਅਨੁਸਾਰ ਗੁਰਦਿੱਤ ਸਿੰਘ, ਜਿਸ ਦੇ ਪਿਤਾ ਕੁਲਵੰਤ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ, ਦੀ ਮਾਤਾ ਸਿਮਰਨ ਕੌਰ ਬਾਹਰ ਮਜ਼ਦੂਰੀ ਕਰਨ ਗਈ ਹੋਈ ਸੀ ਅਤੇ ਕੱਲ੍ਹ ਸਕੂਲੋਂ ਛੁੱਟੀ ਹੋਣ ਕਰ ਕੇ ਘਰ 'ਚ ਦੋਵੇਂ ਭਰਾ ਇੱਕ ਛੋਟਾ ਗੁਰਲਾਲ ਸਿੰਘ (7 ਸਾਲ) ਸਨ ਅਤੇ ਗੁਰਦਿੱਤ ਸਿੰਘ ਹੀ ਸਨ। ਗੁਰਦਿਤ ਸਿੰਘ ਖਾਲਸਾ ਸਕੂਲ ਬੀੜ ਸਾਹਿਬ ਵਿਖੇ ਸੱਤਵੀਂ ਕਲਾਸ ਵਿੱਚ ਪੜ੍ਹਦਾ ਸੀ। ਉਸ ਨੇ ਅਚਾਨਕ ਅੰਦਰ ਵੜ ਕੇ ਕਮਰੇ ਵਿੱਚ ਲਟਕਦੇ ਪੱਖੇ ਨਾਲ ਪਰਨਾ ਬੰਨ੍ਹ ਕੇ ਫਾਹਾ ਲੈ ਲਿਆ। ਜਦੋਂ ਉਸ ਦਾ ਛੋਟਾ ਭਰਾ ਗੁਰਲਾਲ ਸਿੰਘ ਅੰਦਰ ਗਿਆ ਤਾਂ ਉਸ ਨੇ ਪੱਖੇ ਨਾਲ ਗੁਰਦਿੱਤ ਨੂੰ ਲਟਕਦਾ ਵੇਖ ਕੇ ਬਾਹਰ ਜਾ ਕੇ ਰੌਲਾ ਪਾਇਆ ਤਾਂ ਆਸਪਾਸ ਦੇ ਲੋਕਾਂ ਨੇ ਅੰਦਰ ਜਾ ਕੇ ਪੱਖੇ ਨਾਲ ਲਟਕ ਰਹੇ ਨੌਜਵਾਨ ਨੂੰ ਹੇਠਾਂ ਉਤਾਰਿਆ, ਪਰ ਉਦੋਂ ਤੱਕ ਗੁਰਦਿੱਤ ਸਿੰਘ ਦੀ ਮੌਤ ਹੋ ਚੱਕੀ ਸੀ। ਘਟਨਾ ਦਾ ਪਤਾ ਲੱਗਦੇ ਹੀ ਥਾਣਾ ਝਬਾਲ ਤੋਂ ਥਾਣੇਦਾਰ ਵਿਪਨ ਕੁਮਾਰ ਦੀ ਅਗਵਾਈ ਵਿੱਚ ਪੁਲਸ ਮੌਕੇ 'ਤੇ ਪਹੁੰਚ ਗਈ ਜਿਨ੍ਹਾਂ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ੴ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
ਬੜੇ ਹੀ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਸਤਿਕਾਰਯੋਗ ਮਾਤਾ ਜੀ
ਰਾਜਿੰਦਰ ਕੌਰ ਟਿਵਾਣਾ
ਪਿਛਲੇ ਦਿਨੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ
ਆਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ ।
ਉਨ੍ਹਾ ਦੇ ਅੰਤਮ ਸਸਕਾਰ ਸ਼ਨੀਵਾਰ 19 ਅਕਤੂਬਰ ਨੂੰ 12 ਤੋਂ 2 ਵਜੇ ਤਕ
ਲੋਟਸ ਫਿਊਨਰਲ ਸੈਂਟਰ
੧੨੧ ਸਿਟੀਵਿਊ ਡਰਾਇਵ, ਟੋਰਾਂਟੋ ਵਿਚ ਕੀਤੇ ਜਾਣਗੇ ।



ਇਸ ਤੋ ਉਪਰੰਤ ਅਖੰਡ ਪਾਠ ਸਾਹਿਬ ਦੇ ਭੋਗ
ਗੁਰਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ 2 ਵਜੇ ਤੋ 4 ਵਜੇ ਤੱਕ ਪਾਏ ਜਾਣਗੇ
ਦੁਖੀ ਹਿਰਦੇ : ਸਮੂਹ ਟਿਵਣਾ ਪ੍ਰੀਵਾਰ - ਸ਼: ਬਖਸੀਸ ਸਿੰਘ ਟਿਵਾਣਾ (ਪਤੀ)
ਨਵਦੀਪ ਸਿੰਘ ਟਿਵਾਣਾ (ਸਪੁਤਰ)- (416) 823-9472, ਸਰਬਦੀਪ ਸਿੰਘ ਟਿਵਾਣਾ (ਸਪੁਤਰ)-(647) 290-7171
ਨੋਬਲ ਫਰਨੀਚਰ



# ਚੌਬੇ ਉੱਤੇ ਸਿਆਹੀ ਸੁੱਟ ਕੇ ਨੌਜਵਾਨ ਨੇ ਕਿਹਾ: ਮੈਨੂੰ ਕੋਈ ਅਫਸੋਸ ਨਹੀਂ

ਪਟਨਾ, 16 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਸਿਹਤ ਰਾਜ ਮੰਤਰੀ ਅਸ਼ਵਨੀ ਚੌਬੇ ਉੱਤੇ ਕੱਲ੍ਹ ਇੱਕ ਨੌਜਵਾਨ ਨੇ ਸਿਆਹੀ ਸੁੱਟ ਦਿੱਤੀ। ਮੰਤਰੀ ਚੌਬੇ ਨੇ ਨਾਰਾਜ਼ਗੀ ਨਾਲ ਕਿਹਾ ਕਿ ਇਹ ਉਹੋ ਲੋਕ ਹਨ, ਜੋ ਗੰਦਾ ਕੰਮ ਕਰਦੇ ਹਨ। ਸਿਆਹੀ ਸੁੱਟਣ ਵਾਲੇ ਨੌਜਵਾਨ ਨੇ ਖੁਦ ਨੂੰ ਜਨ ਅਧਿਕਾਰ ਪਾਰਟੀ ਦਾ ਵਰਕਰ ਦੱਸਿਆ ਹੈ।

ਪੁਲਸ ਦੇ ਸੂਤਰਾਂ ਮੁਤਾਬਕ ਕੇਂਦਰੀ ਮੰਤਰੀ ਅਸ਼ਵਨੀ ਚੌਬੇ ਕੱਲ੍ਹ ਇਥੇ ਪਟਨਾ ਮੈਡੀਕਲ ਕਾਲਜ ਹਸਪਤਾਲ (ਪੀ ਐੱਮ ਸੀ ਐੱਚ) ਦਾ ਨਿਰੀਖਣ ਕਰਨ ਆਏ ਸਨ। ਇਸ ਦੌਰਾਨ ਉਨ੍ਹਾਂ ਨੇ ਇਥੇ ਭਰਤੀ ਹੋਏ ਡੇਂਗੂ ਮਰੀਜਾਂ ਨਾਲ ਮੁਲਾਕਾਤ ਕੀਤੀ। ਮਰੀਜਾਂ ਅਤੇ ਡਾਕਟਰਾਂ ਨੂੰ ਮਿਲਣ ਦੇ ਬਾਅਦ ਜਦੋਂ ਉਹ ਆਪਣੀ ਕਾਰ ਵਿੱਚ ਬੈਠਣ ਲੱਗੇ ਤਾਂ ਇੱਕ ਨੀਲੀ ਸ਼ਰਟ ਵਾਲਾ ਨੌਜਵਾਨ ਉਨ੍ਹਾਂ ਉੱਤੇ ਸਿਆਹੀ ਸੁੱਟ ਕੇ ਫਰਾਰ ਹੋ ਗਿਆ। ਸੁਰੱਖਿਆ ਮੁਲਾਜ਼ਮ ਉਸ ਨੂੰ ਫੜਨ ਲਈ ਦੌੜੇ, ਪ੍ਰੰਤੂ ਉਹ ਫਰਾਰ ਹੋ ਗਿਆ। ਇਸ ਦੌਰਾਨ ਇੱਕ ਵਾਇਰਲ ਵੀਡੀਓ ਵਿੱਚ ਦੋ ਨੌਜਵਾਨਾਂ ਨੂੰ ਭੱਜਦੇ ਹੋਏ ਦੇਖਿਆ ਗਿਆ। ਇਸ ਦੇ ਬਾਅਦ ਮੀਡੀਆ ਸਾਹਮਣੇ ਆਏ ਸਿਆਹੀ ਸੁੱਟਣ ਵਾਲੇ ਨੌਜਵਾਨ ਨੇ ਆਪਣਾ ਨਾਂਅ ਨਿਸ਼ਾਂਤ ਝਾਅ ਦੱਸਿਆ। ਉਸ ਨੇ ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਵਿੱਚ ਖੁਦ ਨੂੰ ਜਨ ਅਧਿਕਾਰ ਵਿਦਿਆਰਥੀ ਪ੍ਰੀਸ਼ਦ ਦਾ ਮੈਂਬਰ ਦੱਸਿਆ ਅਤੇ ਕਿਹਾ ਕਿ ਪਾਣੀ ਇਕੱਠਾ ਹੋਣ ਨਾਲ ਲੋਕਾਂ ਦੀ ਪਰੇਸ਼ਾਨੀ ਦੇਖ ਕੇ ਮੈਂ ਪ੍ਰੇਸ਼ਾਨ ਸੀ, ਇਸ ਲਈ ਨਾਰਾਜ਼ਗੀ ਵਿੱਚ ਮੰਤਰੀ ਉੱਤੇ ਸਿਆਹੀ ਸੁੱਟੀ ਹੈ। ਇਹ ਮੇਰਾ ਆਪਣਾ ਫੈਸਲਾ ਸੀ ਅਤੇ ਮੈਂ ਆਪਣਾ ਵਿਰੋਧ ਪ੍ਰਗਟਾਇਆ ਹੈ। ਮੈਂ ਜੋ ਕੀਤਾ, ਸਹੀ ਕੀਤਾ। ਇਸ ਦਾ ਮੈਨੂੰ ਕੋਈ ਅਫਸੋਸ ਨਹੀਂ ਹੈ।

ਅਯੋਧਿਆ ਕੇਸ:

# ਫ਼ੈਸਲੇ ਤੋਂ ਪਹਿਲਾਂ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਅਲਰਟ ਜਾਰੀ

* 30 ਨਵੰਬਰ ਤੱਕ ਸਾਰੇ ਸਰਕਾਰੀ ਅਫ਼ਸਰਾਂ ਦੀਆਂ ਛੁੱਟੀਆਂ ਰੱਦ

ਲਖਨਊ, 16 ਅਕਤੂਬਰ (ਪੋਸਟ ਬਿਊਰੋ)- ਅਯੋਧਿਆ ਦੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਵਿਵਾਦ ਦੇ ਕੇਸ ਦੀ ਆਖਰੀ ਸੁਣਵਾਈ ਅੱਜ ਸ਼ਾਮੀਂ ਖਤਮ ਹੋਣ ਪਿੱਛੋਂ ਸਮਝਿਆ ਜਾਂਦਾ ਹੈ ਕਿ 17 ਨਵੰਬਰ ਤੋਂ ਪਹਿਲਾਂ ਸੁਪਰੀਮ ਕੋਰਟ ਇਸ ਦਾ ਫੈਸਲਾ ਕਰ ਦੇਵੇਗੀ। ਚੀਫ ਜਸਟੀਸ ਰੰਜਨ ਗੋਗੋਈ ਨੇ ਸਾਫ਼ ਕਿਹਾ ਹੈ ਕਿ ਇਸ ਵਿੱਚ ਕਿਸੇ ਪੱਖ ਨੂੰ ਹੋਰ ਸਮਾਂ ਨਹੀਂ ਮਿਲਣ ਵਾਲਾ। ਇਸ ਫੈਸਲੇ ਦੀ ਸੰਭਾਵਨਾ ਵੇਖਦੇ ਹੋਏ ਇਸ ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਹਲਚਲ ਵੀ ਤੇਜ ਹੋ ਗਈ ਹੈ।



ਅਯੋਧਿਆ ਸ਼ਹਿਰ ਵਿੱਚ ਜਿੱਥੇ 10 ਦਸੰਬਰ ਤੱਕ ਧਾਰਾ 144 ਲਾਗੂ ਹੈ, ਉਥੇ ਰਾਜ ਸਰਕਾਰ ਨੇ ਸਾਰੇ ਪੁਲਿਸ ਤੇ ਪ੍ਰਬੰਧਕੀ ਅਧਿਕਾਰੀਆਂ ਦੀਆਂ ਛੁੱਟੀਆਂ 30 ਨਵੰਬਰ ਤੱਕ ਰੱਦ ਕਰ ਦਿੱਤੀਆਂ ਹਨ।

ਪਤਾ ਲੱਗਾ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਆਪਣੇ ਹੁਕਮ ਦੇ ਨਾਲ ਸਾਰੇ ਪੱਧਰ ਦੇ ਅਫਸਰਾਂ ਨੂੰ ਆਪੋ-ਆਪਣੇ ਮੁੱਖ ਦਫ਼ਤਰ ਵਿੱਚ ਹਾਜ਼ਰ ਰਹਿਣ ਦਾ ਨਿਰਦੇਸ਼ ਦਿੱਤਾ ਹੈ। ਭਾਵੇਂ ਰਾਜ ਸਰਕਾਰ ਦੇ ਹੁਕਮ ਵਿੱਚ ਛੁੱਟੀਆਂ ਰੱਦ ਕਰਨ ਦਾ ਕਾਰਨ ਤਿਉਹਾਰ ਦੱਸਿਆ ਗਿਆ ਹੈ, ਪਰ ਮੰਨਿਆ ਜਾਂਦਾ ਹੈ ਕਿ ਅਗਲੇ ਮਹੀਨੇ ਅਯੋਧਿਆ ਕੇਸ ਦਾ ਫੈਸਲਾ ਆਉਣ ਤੋਂ ਪਹਿਲਾਂ ਰਾਜ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਉੱਤਰ ਪ੍ਰਦੇਸ਼ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਹੈਡਕੁਆਟਰ ਪੱਧਰ ਤੋਂ ਅਯੁੱਧਿਆ ਵਿੱਚ ਸੱਤ ਏ ਐੱਸ ਪੀ, 20 ਸੀ ਓ, 20 ਇੰਸਪੈਕਟਰ, 70 ਸਬ ਇੰਸਪੈਕਟਰ ਤੇ 500 ਸਿਪਾਹੀ ਭੇਜਣ ਦਾ ਹੁਕਮ ਦਿੱਤਾ ਅਤੇ ਪੀ ਏ ਸੀ ਦੀਆਂ ਵਾਧੂ ਸੱਤ ਕੰਪਨੀਆਂ ਭੇਜਣ ਦੇ ਲਈ ਹੁਕਮ ਦਿੱਤਾ ਹੈ। ਅਯੁੱਧਿਆ ਵਿੱਚ ਇਸ ਵਕਤ ਕਰੀਬ ਚਾਰ ਕੰਪਨੀਆਂ ਅਰਧ ਫ਼ੌਜੀ ਬਲ ਅਤੇ 15 ਕੰਪਨੀਆਂ ਪੀ ਏ ਸੀ ਦੀਆਂ ਹਨ। ਦੱਸਿਆ ਜਾਂਦਾ ਹੈ ਕਿ ਡੀ ਜੀ ਪੀ ਵੱਲੋਂ ਹੈਡਕੁਆਰਟਰ ਤੋਂ ਅਯੁੱਧਿਆ ਵਿੱਚ ਹੋਰ ਪੁਲਿਸ ਦੀ ਤਾਇਨਾਤੀ ਦੀ ਮੰਗ ਕੀਤੀ ਗਈ ਹੈ।

# ਸੁਧਾ, ਫਰੇਰਾ ਤੇ ਗੋਂਜ਼ਾਲਵੇਜ਼ ਨੂੰ ਹਾਲੇ ਵੀ ਜ਼ਮਾਨਤ ਨਹੀਂ

ਮੁੰਬਈ, 16 ਅਕਤੂਬਰ (ਪੋਸਟ ਬਿਊਰੋ)- ਬਾਂਬੇ ਹਾਈ ਕੋਰਟ ਨੇ ਪੁਣੇ ਦੇ ਕੋਰੇਗਾਂਵ-ਭੀਮਾ ਕੇਸ ਵਿੱਚ ਨਕਸਲੀ ਆਗੂ ਸੁਧਾ ਭਾਰਦਵਾਜ, ਅਰੁਣ ਫਰੇਰਾ ਤੇ ਵਰਨੋਨ ਗੋਂਜ਼ਾਲਵੇਜ਼ ਨੂੰ ਜ਼ਮਾਨਤ ਤੋਂ ਇਨਕਾਰ ਕਰ ਦਿੱਤਾ ਹੈ।

ਅਦਾਲਤ ਦਾ ਕਹਿਣਾ ਹੈ ਕਿ ਇਹ ਸਾਰੇ ਲੋਕ ਪਾਬੰਦੀਸ਼ੁਦਾ ਜਥੇਬੰਦੀ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਸਰਗਰਮ ਮੈਂਬਰ ਹਨ। ਜਸਟਿਸ ਸਾਰੰਗ ਕੋਤਵਾਲ ਨੇ ਕੱਲ੍ਹ ਤਿੰਨਾਂ ਦੋਸ਼ੀਆਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਕੇ ਕਿਹਾ ਕਿ ਇਨ੍ਹਾਂ ਸਾਰਿਆਂ ਖਿਲਾਫ ਪਹਿਲੀ ਨਜ਼ਰ ਵਿੱਚ ਸਬੂਤ ਹਨ। ਤਿੰਨ ਵੱਖਰੇ ਆਦੇਸ਼ਾਂ 'ਚ ਜੱਜ ਨੇ ਕਿਹਾ, ਦੋਸ਼ੀ ਸਰਗਰਮ ਹਨ ਅਤੇ ਪਾਬੰਦੀ ਸ਼ੁਦਾ ਸੀ ਪੀ ਆਈ (ਮਾਓਵਾਦੀ) ਦੇ ਸੀਨੀਅਰ ਮੈਂਬਰ ਹਨ। ਇਹ ਲੋਕ ਇਸ ਜਥੇਬੰਦੀ ਲਈ ਧਨ ਇਕੱਠਾ ਕਰਨ ਦੇ ਨਾਲ ਕੈਡਰ ਦੀ ਵੀ ਭਰਤੀ ਕਰਦੇ ਹਨ।

ਵਰਨਣ ਯੋਗ ਹੈ ਕਿ 31 ਦਸੰਬਰ 2017 ਨੂੰ ਯਲਗਾਰ ਪ੍ਰੀਸ਼ਦ ਦਾ ਆਯੋਜਨ ਕੀਤਾ ਗਿਆ ਸੀ ਤੇ ਉਸ ਦੇ ਅਗਲੇ ਦਿਨ ਮਹਾਰਾਸ਼ਟਰ ਦੇ ਕੋਰੇਗਾਂਵ-ਭੀਮਾ ਪਿੰਡਾਂ ਵਿੱਚ ਜਾਤੀਵਾਦੀ ਹਿੰਸਾ ਹੋਈ ਸੀ। ਪੁਣੇ ਪੁਲਸ ਨੇ ਜਨਵਰੀ 2018 ਵਿੱਚ ਇਨ੍ਹਾਂ ਤਿੰਨਾਂ ਦੋਸ਼ੀਆਂ ਤੋਂ ਨਾਲ ਇਸ ਕੇਸ ਵਿੱਚ ਕਵੀ ਵਰਵਰਾ ਰਾਓ ਅਤੇ ਗੌਤਮ ਨਵਲੱਖਾ ਨੂੰ ਵੀ ਗ੍ਰਿਫਤਾਰ ਕੀਤਾ ਸੀ। ਕੋਰਟ ਨੇ ਕਿਹਾ ਕਿ ਜਾਂਚ ਦੇ ਦਾਇਰੇ ਵਿੱਚ ਯਲਗਾਰ ਪ੍ਰੀਸ਼ਦ ਦੇ 31 ਦਸੰਬਰ ਦੇ ਪ੍ਰੋਗਰਾਮ ਦੇ ਮਕਸਦ ਅਤੇ ਪ੍ਰਭਾਵ ਨੂੰ ਤਲਾਸ਼ਣ 'ਤੇ ਰੋਕ ਨਹੀਂ ਲਾਈ ਗਈ, ਸਗੋਂ ਜਾਂਚ ਨੂੰ ਵਿਸਥਾਰਤ ਰੱਖਿਆ ਗਿਆ ਤਾਂ ਕਿ ਸਿਆਸੀ ਸੱਤਾ ਨੂੰ ਉਖਾੜ ਦੇਣ ਦੀ ਵੱਡੀ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਾ ਸਕੇ। ਇਸ ਸਾਜ਼ਿਸ਼ ਤਹਿਤ ਵੱਡੇ ਪੈਮਾਨੇ ਉਤੇ ਭੀੜ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾ ਕੇ ਹਥਿਆਰਬੰਦ ਕੀਤਾ ਗਿਆ ਸੀ। ਜਸਟਿਸ ਕੋਤਵਾਲ ਨੇ ਕਿਹਾ ਕਿ ਪਾਬੰਦੀ ਸ਼ੁਦਾ ਜਥੇਬੰਦੀ ਦਾ ਮਕਸਦ ਹਥਿਆਰਾਂ ਦੇ ਜ਼ੋਰ 'ਤੇ ਲੋਕਾਂ ਦੀ ਫੌਜ ਬਣਾ ਕੇ 'ਦੁਸ਼ਮਣ ਫੌਜ' ਨੂੰ ਹਰਾਉਣਾ ਸੀ ਅਤੇ ਸਰਕਾਰੀ ਹਥਿਆਰਬੰਦ ਫੌਜ ਨੂੰ ਜਥੇਬੰਦੀ ਨੇ ਬਤੌਰ 'ਦੁਸ਼ਮਣ ਦੀ ਫੌਜ' ਪੇਸ਼ ਕੀਤਾ ਸੀ। ਇਨ੍ਹਾਂ ਤਿੰਨਾਂ ਦੋਸ਼ੀਆਂ ਨੂੰ ਪੁਣੇ ਪੁਲਸ ਨੇ ਪਿਛਲੇ ਸਾਲ ਅਗਸਤ ਵਿੱਚ ਉਨ੍ਹਾਂ ਦੇ ਘਰਾਂ 'ਚ ਨਜ਼ਰਬੰਦ ਕਰ ਲਿਆ ਸੀ। ਬਾਅਦ ਵਿੱਚ ਪੁਣੇ ਦੀ ਅਦਾਲਤ ਵੱਲੋਂ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰਨ 'ਤੇ 26 ਅਕਤੂਬਰ ਨੂੰ ਉਨ੍ਹਾਂ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਉਦੋਂ ਤੋਂ ਜੇਲ੍ਹ ਵਿੱਚ ਬੰਦ ਦੋਸ਼ੀਆਂ ਨੇ ਪਿਛਲੇ ਸਾਲ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

# 10 ਸਾਲਾ ਬੱਚੀ ਦਾ ਵਿਆਹ 35 ਸਾਲਾ ਬੰਦੇ ਨਾਲ ਕਰ ਛੱਡਿਆ

ਅਹਿਮਦਾਬਾਦ, 16 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਵਿੱਚ ਇਕ 10 ਸਾਲਾ ਆਦਿਵਾਸੀ ਬੱਚੀ ਦਾ ਵਿਆਹ ਇੱਕ 35 ਸਾਲਾ ਸ਼ਖਸ ਨਾਲ ਕਰਵਾ ਦਿੱਤਾ ਗਿਆ ਹੈ। ਇਹ ਬੱਚੀ ਗੁਜਰਾਤ ਦੇ ਬਨਾਸਕਾਂਠਾ ਦੀ ਰਹਿਣ ਵਾਲੀ ਅਤੇ 35 ਸਾਲਾ ਵਿਅਕਤੀ ਅਸਰਵ ਦਾ ਰਹਿਣ ਵਾਲਾ ਹੈ। ਬੱਚੀ ਦੇ ਮਾਤਾ-ਪਿਤਾ ਨਾਲ ਮਿਲ ਕੇ ਦਲਾਲ ਨੇ 50 ਹਜ਼ਾਰ ਰੁਪਏ ਵਿੱਚ ਬੱਚੀ ਨੂੰ ਵੇਚ ਦਿੱਤਾ ਸੀ। ਇਸ ਬੱਚੀ ਦਾ ਪਤੀ ਉਸ ਦੇ ਪਿਤਾ ਤੋਂ ਸਿਰਫ਼ ਇਕ ਸਾਲ ਛੋਟਾ ਹੈ।



ਇਸ ਰਾਜ ਦੀ ਪੁਲਸ ਦੀ ਮਹਿਲਾ ਕ੍ਰਾਈਮ ਬਰਾਂਚ ਦੀ ਏ ਸੀ ਪੀ, ਕੇ ਐੱਮ ਜੋਸੇਫ ਨੇ ਦੱਸਿਆ ਕਿ ਇਸ ਬੱਚੀ ਨੂੰ ਕੁਬੇਰ ਨਗਰ ਇਲਾਕੇ ਤੋਂ ਉਸ ਦੀ ਨਨਾਣ ਦੇ ਘਰੋਂ ਛੁਡਾ ਲਿਆ ਹੈ। ਉਨ੍ਹਾਂ ਦੱਸਿਆ, 'ਬੱਚੀ ਨੂੰ ਮਹਿਲਾ ਸੁਰੱਖਿਆ ਗ੍ਰਹਿ ਵਿੱਚ ਭੇਜ ਦਿੱਤਾ ਗਿਆ ਹੈ, ਜਿੱਥੇ ਸਮਾਜਿਕ-ਕਾਨੂੰਨੀ ਕੇਸ ਤੋਂ ਛੁਡਾਈਆਂ ਬੱਚੀਆਂ ਰਹਿੰਦੀਆਂ ਹਨ।' ਸੋਸ਼ਲ ਜਸਟਿਸ ਵਿਭਾਗ ਦੇ ਪ੍ਰੋਟੈਕਸ਼ਨ ਅਧਿਕਾਰੀ ਨੇ ਬਨਾਸਕਾਂਠਾ ਦੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।

ਇਸ ਬੱਚੀ ਦੇ ਵਿਆਹ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਇਸ ਬਾਰੇ ਕਾਨੂੰਨੀ ਕਾਰਵਾਈ ਸ਼ੁਰੂ ਹੋਈ ਹੈ। ਵੀਡੀਓ ਵਿੱਚ 35 ਸਾਲਾ ਸ਼ਖਸ, ਜਿਸ ਦੀ ਪਛਾਣ ਗੋਵਿੰਦ ਠਾਕੋਰ ਦੇ ਰੂਪ ਵਿੱਚ ਹੋਈ ਹੈ, ਬੱਚੀ ਦੀ ਮਾਂਗ ਵਿੱਚ ਸਿੰਦੂਰ ਭਰਦਾ ਦਿੱਸ ਰਿਹਾ ਹੈ। ਵੀਡੀਓ ਦੀ ਜਾਂਚ ਕਰ ਕੇ ਸੋਸ਼ਲ ਜਸਟਿਸ ਅਫ਼ਸਰ ਬਨਾਸਕਾਂਠਾ ਦੇ ਖੇਰਮਲ ਪਿੰਡ ਗਏ। ਇੱਥੇ ਬੱਚੀ ਦੇ ਪਿਤਾ ਨੂੰ ਉਨ੍ਹਾਂ ਪਛਾਣ ਲਿਆ ਤਾਂ ਉਸ ਨੇ ਵਿਆਹ ਕਰਾਉਣ ਦੀ ਗੱਲ ਮੰਨ ਲਈ। 2 ਮਹੀਨੇ ਪਹਿਲਾਂ ਬੱਚੀ ਨੂੰ ਇਕ ਮੇਲੇ ਵਿੱਚ ਲਿਜਾਇਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਇਕ ਦਲਾਲ ਨੇ ਠਾਕੋਰ ਨਾਲ ਮਿਲ-ਾਇਆ ਸੀ। ਠਾਕੋਰ ਨੇ 50 ਹਜ਼ਾਰ ਵਿੱਚ ਬੱਚੀ ਨੂੰ ਖਰੀਦ ਲਿਆ ਅਤੇ ਅਗਸਤ ਵਿੱਚ ਉਸ ਨਾਲ ਵਿਆਹ ਕਰ ਲਿਆ।

# ਪਰਾਲੀ ਸਾੜਨ ਦੇ ਵਿਰੁੱਧ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਹੋਰ ਸਖਤ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)-ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਤੋਂ ਪਰਾਲੀ ਸਾੜਨ ਬਾਰੇ ਚੁੱਕੇ ਕਦਮਾਂ ਦੀ ਰਿਪੋਰਟ ਮੰਗੀ ਹੈ ਅਤੇ ਨੇ ਇਹ ਰਿਪੋਰਟ 15 ਨਵੰਬਰ ਤੱਕ ਦੇਣ ਲਈ ਕਿਹਾ ਹੈ, ਜੋ ਸੁਣਵਾਈ ਦੀ ਅਗਲੀ ਤਰੀਖ ਵੀ ਹੈ।





ਟ੍ਰਿਬਿਊਨਲ ਦੇ ਜਸਟਿਸ ਏ ਕੇ ਗੋਇਲ ਦੀ ਅਗਵਾਈ ਵਾਲੇ ਪ੍ਰਿੰਸੀਪਲ ਬੈਂਚ ਨੇ ਇਨ੍ਹਾਂ ਤਿੰਨੇ ਸੂਬਿਆਂ ਨੂੰ ਪਿੰਡ ਪੱਧਰ 'ਤੇ ਅਧਿਕਾਰੀ ਨਿਯੁਕਤ ਕਰਕੇ ਸਾਰੀ ਸਥਿਤੀ ਬਾਰੇ ਨਿਗਰਾਨੀ ਤੇ ਜ਼ਿੰਮੇਵਾਰੀ ਤੈਅ ਕਰਨ ਲਈ ਕਿਹਾ ਹੈ। ਇਸ ਬੈਂਚ ਅਨੁਸਾਰ ਅਜੇ ਵੀ ਉਕਤ ਰਾਜਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਿਆ ਜਾ ਰਿਹਾ ਹੈ, ਸਰਕਾਰਾਂ ਨਾ ਕਿਸਾਨਾਂ ਨਾਲ ਸੰਪਰਕ ਕਾਇਮ ਕਰ ਸਕੀਆਂ ਅਤੇ ਨਾ ਉਨ੍ਹਾਂ ਨੂੰ ਇਸ ਸਬੰਧੀ ਜਾਗਰੂਕ ਕਰ ਸਕੀਆਂ। ਐਨ ਜੀ ਟੀ ਨੇ ਕਿਹਾ ਸੂਬਾ ਸਰਕਾਰਾਂ ਲੋਕਾਂ ਲਈ ਜਵਾਬਦੇਹੀ ਹਨ ਅਤੇ ਉਹ ਇਹ ਕਹਿ ਕੇ ਛੁਟਕਾਰਾ ਨਹੀਂ ਪਾ ਸਕਦੀਆਂ ਕਿ ਉਨ੍ਹਾਂ ਨੇ ਆਪਣਾ ਕੰਮ ਕਰ ਦਿੱਤਾ ਹੈ। ਟ੍ਰਿਬਿਊਨਲ ਨੇ ਕਿਹਾ ਕਿ ਜੇ ਤੁਸੀਂ ਇਸ ਵਿੱਚ ਸਫਲ ਨਹੀਂ ਹੁੰਦੇ ਤਾਂ ਇਹ ਰਾਜ ਦੀ ਨਾਕਾਮੀ ਹੈ, ਜਿਸ ਦਾ ਖਮਿਆਜ਼ਾ ਆਮ ਲੋਕ ਭੁਗਤ ਰਹੇ ਹਨ। ਐਨ ਜੀ ਟੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਖੇਤਾਂ ਵਿੱਚ ਫਸਲ ਦੀ ਰਹਿੰਦ-ਖੂੰਹਦ ਨੂੰ ਸਾੜਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦੋਵਾਂ ਰਾਜਾਂ ਦਾ ਧੂੰਆਂ ਦਿੱਲੀ ਜਾ ਰਿਹਾ ਹੈ ਜਿਸ ਕਾਰਨ ਹਵਾ ਪ੍ਰਦੂਸ਼ਣ ਵੱਧ ਰਿਹਾ ਹੈ। ਹਵਾ ਗੁਣਵਤਾ ਅਤੇ ਮੌਸਮ ਭਲਿੱਖਬਾਣੀ ਸੇਵਾ (ਸਫਰ) ਅਨੁਸਾਰ ਕੱਲ੍ਹ ਰਾਜਧਾਨੀ ਦਿੱਲੀ ਵਿੱਚ ਹਵਾ ਦੀ ਗੁਣਵਤਾ ਦਾ ਮਿਆਰ 252 ਦਰਜ ਕੀਤਾ ਗਿਆ ਜੋ ਕਾਫੀ ਮਾੜੇ ਦਰਜੇ ਦੀ ਹੈ। ਪਿਛਲੇ ਮਹੀਨੇ ਨਾਸਾ ਨੇ ਪੰਜਾਬ ਤੇ ਹਰਿਆਣਾ ਦੀਆਂ ਕੁਝ ਉਪ ਗ੍ਰਹਿ ਫੋਟੋ ਜਾਰੀ ਕੀਤੀਆਂ ਸਨ, ਜਿਸ ਵਿੱਚ ਅੱਗ ਲਾਉਣ ਦੀਆਂ ਘਟਨਾਵਾਂ ਦਰਜ ਸਨ, ਜੋ ਸੰਕੇਤ ਦਿੰਦੀਆਂ ਸਨ ਕਿ ਇਨ੍ਹਾਂ ਦੋਵਾਂ ਸੂਬਿਆਂ 'ਚ ਪਰਾਲੀ ਸਾੜਨੀ ਸ਼ੁਰੂ ਕਰ ਦਿੱਤੀ ਗਈ ਹੈ।

# ਯੈਸ ਬੈਂਕ ਨੇ ਫੋਰਟਿਸ ਹੈਲਥਕੇਅਰ ਵਿਚਲੇ ਹਿੱਸੇ ਵੇਚੇ

ਮੁੰਬਈ, 16 ਅਕਤੂਬਰ (ਪੋਸਟ ਬਿਊਰੋ)- ਯੈਸ ਬੈਂਕ ਨੇ ਫੋਰਟਿਸ ਹੈਲਥਕੇਅਰ ਵਿੱਚ ਆਪਣੇ 6.77 ਫੀਸਦੀ ਹਿੱਸੇ ਵੇਚ ਦਿੱਤੇ ਹਨ। ਇਸ ਵਿਕਰੀ ਨਾਲ ਬੈਂਕ ਨੇ 645 ਕਰੋੜ ਰੁਪਏ ਇੱਕਠੇ ਕੀਤੇ ਹਨ। ਯੈਸ ਬੈਂਕ ਇਸ ਵਿਕਰੀ ਪਿੱਛੋਂ ਫੋਰਟਿਸ ਹੈਲਥਕੇਅਰ ਤੋਂ ਪੂਰੀ ਤਰ੍ਹਾਂ ਬਾਹਰ ਹੋ ਗਿਆ ਹੈ। ਇਸ ਬੈਂਕ ਨੇ ਫੋਰਟਿਸ ਹੈਲਥਕੇਅਰ 'ਚ ਆਪਣੇ 10 ਰੁਪਏ ਪ੍ਰਤੀ ਸ਼ੇਅਰ ਕੀਮਤ ਵਾਲੇ 51,099,265 ਸ਼ੇਅਰ ਵੇਚ ਦਿੱਤੇ ਹਨ। ਵਰਨਣ ਯੋਗ ਹੈ ਕਿ ਯੈਸ ਬੈਂਕ ਇਸ ਸਮੇਂ ਆਪਣੇ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਪੂੰਜੀ ਇੱਕਠੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਚਾਲੂ ਸਾਲ ਵਿੱਚ ਬੈਂਕ ਦੇ ਸਟਾਕ ਨੂੰ 80 ਫੀਸਦੀ ਤੱਕ ਦਾ ਨੁਕਸਾਨ ਹੋ ਚੁੱਕਾ ਹੈ। ਪਿਛਲੇ ਇੱਕ ਸਾਲ ਦੌਰਾਨ ਬੈਂਕ ਦੇ ਸ਼ੇਅਰਾਂ ਵਿੱਚ ਵੱਡੀ ਗਿਰਾਵਟ ਆਏ ਹੈ। ਮੈਨੇਜਮੈਂਟ ਨੇ ਆਪਣੇ ਪ੍ਰਬੰਧ ਬਾਰੇ ਭਰੋਸਾ ਦਿਵਾਇਆ ਹੈ। ਪਿਛਲੇ ਹਫਤੇ ਬੈਂਕ ਨੇ ਮੁੰਬਈ ਪੁਲਸ ਦੀ ਆਰਥਿਕ ਅਪਰਾਧ ਬ੍ਰਾਂਚ ਵਿੱਚ ਮਾਮਲਾ ਦਰਜ ਕਰਵਾਇਆ ਸੀ।

# ਵੀਰ ਸਾਵਰਕਰ ਨੂੰ 'ਭਾਰਤ ਰਤਨ' ਲਈ ਮਹਾਰਾਸ਼ਟਰ ਭਾਜਪਾ ਸਿਫਾਰਿਸ਼ ਕਰੇਗੀ

ਮੁੰਬਈ, 16 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੀ ਭਾਜਪਾ ਨੇ ਕੱਲ੍ਹ ਕਿਹਾ ਹੈ ਕਿ ਉਹ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਦੀ ਐਨ ਡੀ ਏ ਸਰਕਾਰ ਨੂੰ ਵਿਨ-ਾਇਕ ਦਾਮੋਦਰ ਸਾਵਰਕਰ (ਵੀਰ ਸਾਵਰਕਰ) ਨੂੰ ਦੇਸ਼ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ 'ਭਾਰਤ ਰਤਨ' ਦੇਣ ਦੀ ਸਿਫਾਰਿਸ਼ ਕਰਨਗੇ।

ਇਸ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜੇ ਪੀ ਨੱਢਾ ਦੀ ਹਾਜ਼ਰੀ ਵਿੱਚ ਆਪਣਾ ਚੋਣ ਮਨੋਰਥ ਪੱਤਰ (ਮੈਨੀਫੈਸਟੋ) ਰਿਲੀਜ਼ ਕਰਦਿਆਂ ਸੂਬਾ ਇਕਾਈ ਨੇ ਸਮਾਜ ਸੁਧਾਰਕ ਜਯੋਤਿਬਾ ਫੂਲੇ ਅਤੇ ਸਾਵਿੱਤਰੀ ਫੂਲੇ ਨੂੰ ਵੀ ਇਹ ਸਨਮਾਨ ਦੇਣ ਦੀ ਮੰਗ ਕੀਤੀ ਹੈ। ਇਸ ਮੰਗ ਦਾ ਜ਼ਿਕਰ ਮੈਨੀਫੈਸਟੋ ਵਿੱਚ ਕੀਤਾ ਗਿਆ ਹੈ। ਵੀਰ ਸਾਵਰਕਰ ਦੀ 'ਭਾਰਤ ਰਤਨ' ਲਈ ਸਿਫਾਰਿਸ਼ ਬਾਰੇ ਸੀ ਪੀ ਆਈ ਆਗੂ ਡੀ ਰਾਜਾ ਨੇ ਕਿਹਾ ਹੈ ਕਿ ਹਾਕਕਮ ਪਾਰਟੀ ਮਹਾਤਮਾ ਗਾਂਧੀ ਦੇ ਕਾਤਲ ਨਾਥੂਰਾਮ ਗੌਡਸੇ ਦਾ ਨਾਂ ਵੀ ਜਲਦੀ ਹੀ ਸਨਮਾਨ ਲਈ ਸੁਝਾ ਸਕਦੀ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



# ਇਟਲੀ ਦੇ ਇੱਕ ਸ਼ਹਿਰ ਵਿੱਚ ਗੂਗਲ ਮੈਪ ਦੀ ਵਰਤੋਂ ਉੱਤੇ ਰੋਕ ਲੱਗੀ




ਰੋਮ, 16 ਅਕਤੂਬਰ (ਪੋਸਟ ਬਿਊਰੋ)- ਅੱਜਕੱਲ੍ਹ ਜਦੋਂ ਦੁਨੀਆ ਦੇ ਬਹੁਤੇ ਲੋਕ ਗੂਗਲ ਨੂੰ ਸਰਵ ਸ੍ਰੇਸ਼ਟ ਮੰਨ ਕੇ ਹਰ ਕੰਮ ਇਸ ਦੀ ਮਦਦ ਨਾਲ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕਰਦੇ ਹਨ, ਜਿਸ ਸੰਬੰਧੀ ਉਨ੍ਹਾਂ ਨੂੰ ਕੋਈ ਢੁੱਕਵੀਂ ਜਾਣਕਾਰੀ ਨਹੀਂ ਹੁੰਦੀ, ਪਰ ਕੀ ਅਜਿਹਾ ਹੋ ਸਕਦਾ ਹੈ ਕਿ ਗੂਗਲ ਦੀ ਗਲਤ ਜਾਣਕਾਰੀ ਕਾਰਨ ਲੋਕਾਂ ਨੂੰ ਮੁਸੀਬਤ ਝੱਲਣੀ ਪਵੇ। ਇਹ ਗੱਲ ਇਟਲੀ ਦੇ ਸੂਬੇ ਸਰਦੀਨੀਆ ਵਿਖੇ ਸੱਚ ਸਾਬਤ ਹੋਈ ਹੈ, ਜਿੱਥੇ ਗੂਗਲ ਮੈਪ ਦੀ ਗਲਤ ਜਾਣਕਾਰੀ ਸੈਲਾਨੀਆਂ ਲਈ ਮੁਸੀਬਤ ਦਾ ਸਬੱਬ ਬਣਨ ਲੱਗ ਪਈ ਹੈ।

ਇਟਲੀ ਦੇ ਰਾਜ ਸਰਦੀਨੀਆ ਵਿਚਲੇ ਜ਼ਿਲਾ ਓਲੀਆਸਟਰਾ ਦੇ ਸ਼ਹਿਰ ਬੋਨਈ ਦੇ ਮੇਅਰ ਸਲਵਾਤੋਰੇ ਕੋਰੀਅਸ ਨੇ ਦੱਸਿਆ ਕਿ ਸਰਦੀਨੀਆ ਖੇਤਰ ਵਿੱਚ ਆਉਂਦੇ ਸੈਲਾਨੀ ਗੂਗਲ ਮੈਪ ਦੀ ਵਰਤੋਂ ਨਾ ਕਰਨ, ਕਿਉਂਕਿ ਇਸ ਦੀ ਗਲਤ ਜਾਣਕਾਰੀ ਕਾਰਨ ਇਸ ਇਲਾਕੇ ਵਿੱਚ ਅਨੇਕਾਂ ਸੈਲਾਨੀ ਭਟਕ ਗਏ ਹਨ, ਜਿਨ੍ਹਾਂ ਨੂੰ ਬਾਅਦ ਵਿੱਚ ਕਾਫੀ ਜੱਦੋਜਹਿਦ ਕਰ ਕੇ ਲੱਭਿਆ ਗਿਆ। ਅਸਲ ਵਿੱਚ ਸਰਦੀਨੀਆ ਦਾ ਸ਼ਹਿਰ ਬੋਨਈ ਉਤਰ ਪੂਰਬੀ ਇਲਾਕੇ ਦੇ ਉਜਾੜ ਵਿੱਚ ਹੈ, ਜਿਸ ਦੇ ਸਮੁੰਦਰੀ ਕਿਨਾਰੇ ਚਿੱਟੇ ਰੇਤ ਕਾਰਨ ਮਸ਼ਹੂਰ ਹਨ, ਜਿਨ੍ਹਾਂ ਨੂੰ ਦੇਖਣ ਲਈ ਇਟਲੀ ਤੋਂ ਬਾਹਰੋਂ ਸੈਲਾਨੀ ਵੱਡੇ ਪੱਧਰ 'ਤੇ ਆਉਂਦੇ ਹਨ। ਜਦੋਂ ਸੈਲਾਨੀ ਇਟਲੀ ਦੇ ਬਾਹਰੋਂ ਆਉਂਦੇ ਹਨ ਤਾਂ ਗੂਗਲ ਮੈਪ ਦੀ ਮਦਦ ਨਾਲ ਬੋਨਈ ਸ਼ਹਿਰ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ, ਪਰ ਗੂਗਲ ਮੈਪ ਸੈਲਾਨੀਆਂ ਨੂੰ ਗਲਤ ਜਾਣਕਾਰੀ ਦੇਂਦਾ ਹੈ, ਜਿਸ ਕਾਰਨ ਉਹ ਭਟਕ ਜਾਂਦੇ ਹਨ। ਪਿਛਲੇ ਸਾਲ 144 ਸੈਲਾਨੀਆਂ ਨੂੰ ਐਮਰਜੈਂਸੀ ਸੇਵਾਵਾਂ ਦੁਆਰਾ ਇਸ ਖੇਤਰ ਵਿੱਚ ਗੁੰਮ ਹੋ ਜਾਣ ਤੋਂ ਬਾਅਦ ਬਚਾਇਆ ਗਿਆ ਸੀ। ਸ਼ਹਿਰ ਬੋਨਈ ਦੇ ਮੇਅਰ ਸਲਵਾਤੋ-ਰੇ ਕੋਰੀਅਸ ਨੇ ਸੈਲਾਨੀਆਂ ਦੇ ਭਲੇ ਲਈ ਇਸ ਇਲਾਕੇ 'ਚ ਗੂਗਲ ਮੈਪ ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਹੈ ਤਾਂ ਜੋ ਸੈਲਾਨੀਆਂ ਨੂੰ ਬੋਨਈ ਸ਼ਹਿਰ ਆਉਂਦੇ ਰਸਤੇ ਭਟਕਣ ਨਾਲ ਆਉਂਦੀਆਂ ਪ੍ਰੇਸ਼ਾਨੀਆਂ ਤੋਂ ਬਚਾਇਆ ਜਾ ਸਕੇ। ਮੇਅਰ ਨੇ ਇਸ ਪਾਬੰਦੀ ਬਾਰੇ ਸਥਾਨਕ ਮੀਡੀਆ ਵਿੱਚ ਇਸ਼ਤਿਹਾਰ ਰਾਹੀਂ ਸੈਲਾਨੀਆਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੋਸ਼ਲ ਮੀਡੀਆ 'ਤੇ ਸਿਟੀ ਕੌਂਸਲ ਬੋਨਈ ਦੀ ਵੈੱਬਸਾਈਟ 'ਤੇ ਵੀ ਇਹ ਵਿਸ਼ੇਸ਼ ਜਾਣਕਾਰੀ ਜਾਰੀ ਕੀਤੀ ਹੈ। ਮੇਅਰ ਨੇ ਕਿਹਾ ਕਿ ਗੂਗਲ ਮੈਪ ਦੀ ਗਲਤ ਜਾਣਕਾਰੀ ਨਾਲ ਸੈਲਾਨੀ ਅਜਿਹੇ ਪਹਾੜੀ ਤੰਗ ਰਸਤਿਆਂ 'ਚ ਫਸ ਜਾਂਦੇ ਹਨ, ਜਿੱਥੋਂ ਬਿਨਾਂ ਸਹਾਇਤਾ ਉਨ੍ਹਾਂ ਦਾ ਸਹੀ ਰਾਹ 'ਤੇ ਆਉਣਾ ਅਸੰਭਵ ਹੁੰਦਾ ਹੈ। ਮੇਅਰ ਕੋਰੀਅਸ ਦੀ ਇਸ ਕਾਰਵਾਈ ਨਾਲ ਬਾਹਰੋਂ ਆਉਣ ਵਾਲੇ ਸੈਲਾਨੀ ਉਨ੍ਹਾਂ ਦਾ ਧੰਨਵਾਦ ਕਰ ਰਹੇ ਹਨ।

# ਵਿਸ਼ਵ ਅਰਥਚਾਰਾ 2008 ਦੀ ਮੰਦੀ ਵਰਗੇ ਹਾਲ ਵਿੱਚ ਗਿਆ

ਵਾਸ਼ਿੰਗਟਨ, 16 ਅਕਤੂਬਰ (ਪੋਸਟ ਬਿਊਰੋ)- ਤਰ੍ਹਾਂ-ਤਰ੍ਹਾਂ ਦੇ ਟ੍ਰੇਡ ਬੈਰੀਅਰ ਅਤੇ ਹਕੀਕੀ ਸਿਆਸੀ ਚਿੰਤਾਵਾਂ ਕਾਰਨ ਵਿਸ਼ਵ ਅਰਥਚਾਰਾ ਇੱਕ 'ਸਿੰਕ੍ਰੋਨਾਈਜ਼ਡ ਸਲੋਡਾਊਨ' ਦੇ ਚੱਕਰ ਵਿੱਚ ਫਸਿਆ ਹੋਇਆ ਹੈ। ਅੰਤਰਰਾਸ਼ਟਰੀ ਕਰੰਸੀ ਭੰਡਾਰ (ਆਈ ਐਮ ਐਫ) ਨੇ ਵਿਸ਼ਵ ਅਰਥਚਾਰਾ ਆਊਟਲੁਕ ਰਿਪੋਰਟਾਂ ਦੇ ਵਿੱਚ ਇਹ ਗੱਲ ਕਹੀ ਹੈ ਅਤੇ ਆਈ ਐਮ ਐਫ ਨੇ 2019 ਲਈ ਗਲੋਬਲ ਅਰਥਚਾਰੇ ਦੀ ਵਿਕਾਸ ਦਰ ਦਾ ਅਨੁਸਾਰ ਘਟਾ ਕੇ ਤਿੰਨ ਫੀਸਦੀ ਕਰ ਦਿੱਤਾ ਹੈ। ਸਾਲ 2008 ਵਿੱਚ ਆਈ ਮੰਦੀ ਤੋਂ ਬਾਅਦ ਇਹ ਗਲੋਬਲ ਅਰਥਚਾਰੇ ਦੀ ਸਭ ਤੋਂ ਘੱਟ ਵਿਕਾਸ ਦਰ ਹੋਵੇਗੀ। ਆਈ ਐਮ ਐਫ ਦੀ ਚੀਫ ਇਕੋਨਾਮਿਸਟ ਗੀਤਾ ਗੋਪੀਨਾਥ ਨੇ ਕਿਹਾ ਕਿ '2017 ਦੇ 3.8 ਫੀਸਦੀ ਤੁਲਨਾ ਵਿੱਚ ਗਲੋਬਲ ਇਕੋਨਾਮੀ ਦੀ ਵਿਕਾਸ ਦਰ ਤਿੰਨ ਫੀਸਦੀ 'ਤੇ ਪੁੱਜਣਾ ਚਿੰਤਾ ਜਨਕ ਹੈ ਅਤੇ ਸਿੰਕ੍ਰੋਨਾਈਜ਼ਡ ਸਲੋਡਾਊਨ ਅਤੇ ਅਨਿਸ਼ਚਿਤ ਹਾਲਾਤ ਕਾਰਨ ਗਲੋਬਲ ਆਊਟਲੂਕ ਸ਼ੱਕੀ ਹੈ। ਤਿੰਨ ਫੀਸਦੀ ਦੀ ਵਿਕਾਸ ਦਰ ਨੂੰ ਦੇਖਦੇ ਹੋਏ ਨੀਤੀ ਘਾੜਿਆਂ ਕੋਲ ਅਣਦੇਖੀ ਦਾ ਕੋਈ ਬਦਲ ਨਹੀਂ ਹੈ। ਸਾਰੇ ਦੇਸ਼ਾਂ ਦੇ ਨੀਤੀ ਘਾੜਿਆਂ ਨੂੰ ਮਿਲ ਕੇ




ਕਾਰੋਬਾਰੀ ਅਤੇ ਹੋਰ ਸਿਆਸੀ ਚਿੰਤਾਵਾਂ ਨੂੰ ਦੂਰ ਕਰਨਾ ਹੋਵੇਗਾ। ਆਈ ਐਮ ਐਫ ਨੇ 2020 ਵਿੱਚ ਗਲੋਬਲ ਇਕੋਨਾਮੀ ਦੀ ਵਿਕਾਸ ਦਰ 34 ਫੀਸਦੀ ਰਹਿਣ ਦਾ ਅਨੁਮਾਨ ਪ੍ਰਗਟਾਇਆ ਹੈ।

ਗੋਪੀਨਾਥ ਨੇ ਕਿਹਾ ਕਿ ਇਸ ਗਿਰ-ਾਵਟ ਦੇ ਪਿੱਛੇ ਕੁਝ ਕਾਰਨ ਕੰਮ ਕਰ ਰਹੇ ਹਨ। ਵੱਧ ਡਿਊਟੀਆਂ ਅਤੇ ਵਪਾਰ ਨੀਤੀਆਂ 'ਤੇ ਲੰਮੇ ਸਮੇਂ ਤੋਂ ਅਨਿਸ਼ਚਿਤਾ ਦੇ ਮਾਹੌਲ ਨੇ ਨਿਵੇਸ਼ ਨੂੰ ਨੁਕਸਾਨ ਪਹੁੰਚਾਇਆ ਹੈ। ਕੈਪੀਟਲ ਗੁਡਸ ਦੀ ਮੰਗ 'ਤੇ ਵੀ ਇਸ ਨਾਲ ਅਸਰ ਪਿਆ ਹੈ। ਆਟੋ ਸੈਕਟਰ 'ਤੇ ਵੀ ਯੂਰੋ ਖੇਤਰ ਅਤੇ ਚੀਨ ਵਿੱਚ ਨਵੇਂ ਮਾਪਦੰਡਾਂ ਕਾਰਨ ਅਸਰ ਪਿਆ ਹੈ। 2019 ਦੀ ਪਹਿਲੀ ਛਿਮਾਹੀ ਵਿੱਚ ਟ੍ਰੇਡ ਵੈਲਯੂਅਮ ਗ੍ਰੋਥ ਇੱਕ ਫੀਸਦੀ ਰਹੀ ਹੈ, ਜੋ 2012 ਤੋਂ ਬਾਅਦ ਸਭ ਤੋਂ ਘੱਟ ਹੈ। ਆਈ ਐਮ ਐਫ ਨੇ ਚਿਤਾਵਨੀ ਦਿੱਤੀ ਕਿ ਬ੍ਰੈਗਜ਼ਿਟ ਨਾਲ ਬਣੇ ਸੰਕਟ ਅਤੇ ਕਈ ਤਰ੍ਹਾਂ ਦੇ ਟ੍ਰੇਡ ਬੈਰੀਅਰ ਨਾਲ ਸਪਲਾਈ ਚੇਨ ਤੇ ਕਾਰੋਬਾਰੀਆਂ ਦੇ ਭਰੋਸੇ 'ਤੇ ਬੁਰਾ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜਲਵਾਯੂ ਬਦਲਾਅ ਦੇ ਖਤਰੇ ਵੀ ਦਿਸਣ ਲੱਗੇ ਹਨ। ਜੇ ਸਮਾਂ ਰਹਿੰਦੇ ਨਾ ਨਜਿੱਠਿਆ ਤਾਂ ਭਵਿੱਖ 'ਚ ਇਨ੍ਹਾਂ ਦਾ ਵੀ ਵਿਆਪਕ ਅਸਰ ਦੇਖਣ ਨੂੰ ਮਿਲ ਸਕਦਾ ਹੈ। ਆਈ ਐਮ ਐਫ ਦਾ ਕਹਿਣਾ ਹੈ ਕਿ ਵਿਕਾਸ ਦਰ 2019 ਤੇ 2020 ਵਿੱਚ 1.7 ਫੀਸਦੀ 'ਤੇ ਰਹਿਣ ਦਾ ਅਨੁਮਾਨ ਹੈ। ਉਥੇ ਵਿਕਾਸਸ਼ੀਲ ਉਭਰਦੀਆਂ ਅਰਥਵਿਵਲਥਾਵਾਂ ਦੀ ਵਿਕਾਸ ਦਰ 2019 ਵਿੱਚ 3.9 ਫੀਸਦੀ ਅਤੇ 2020 ਵਿੱਚ 4.6 ਫੀਸਦੀ ਰਹਿਣ ਦਾ ਅਨੁਮਾਨ ਹੈ।

# ਨਿਯਮ ਛਿੱਕੇ ਟੰਗਣ ਵਾਲੇ ਨੇਤਾਵਾਂ ਬਾਰੇ ਟਵਿੱਟਰ ਵੱਲੋਂ ਸਖ਼ਤ ਰੁਖ

ਸਾਨ ਫਰਾਂਸਿਸਕੋ, 16 ਅਕਤੂਬਰ (ਪੋਸਟ ਬਿਊਰੋ)- ਮਾਈਕ੍ਰੋ ਬਲਾਗਿੰਗ ਪਲੇਟਫਾਰਮ ਟਵਿੱਟਰ ਆਪਣੇ ਵਿਚਾਰਾਂ ਤੇ ਨੀਤੀਆਂ ਨੂੰ ਜਤਾਉਣ ਦਾ ਮਜ਼ਬੂਤ ਮੰਚ ਬਣ ਗਿਆ ਹੈ। ਆਮ ਇਨਸਾਨ ਹੋਵੇ ਜਾਂ ਕਿਸੇ ਦੇਸ਼ ਦਾ ਰਾਸ਼ਟਰਪਤੀ, ਸਾਰਿਆਂ ਲਈ ਇਹ ਮੰਚ ਮੌਜੂਦ ਹੈ। ਟਵਿੱਟਰ ਦਾ ਕਹਿਣਾ ਹੈ ਕਿ ਸੰਸਾਰਕ ਨੇਤਾ ਉਸ ਦੀਆਂ ਨੀਤੀਆਂ ਤੋਂ ਉਪਰ ਨਹੀਂ ਹਨ। ਇਸ ਲਈ ਨਿਯਮਾਂ ਦੀ ਉਲੰਘਣਾ ਕਰਦੇ ਨੇਤਾਵਾਂ ਦੇ ਟਵੀਟ ਨੂੰ ਯੂਜ਼ਰ ਵਲੋਂ ਲਾਈਕ ਜਾਂ ਸ਼ੇਅਰ ਕਰਨ ਉੱਤੇ ਰੋਕ ਦਾ ਫੈਸਲਾ ਲਿਆ ਗਿਆ ਹੈ। ਇਸ ਮੌਕੇ ਟਵਿੱਟਰ ਨੇ ਇਹ ਸਾਫ ਨਹੀਂ ਕੀਤਾ ਕਿ ਉਹ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਰਗੇ ਸੰਸਾਰਕ ਨੇਤਾਵਾਂ ਦੇ ਅਕਾਊਂਟ ਉੱਤੇ ਰੋਕ ਲਾਏਗਾ ਜਾਂ ਨਹੀਂ?



ਟਵਿੱਟਰ ਦੇ ਇਸ ਬਿਆਨ ਤੋਂ ਜ਼ਾਹਰ ਹੈ ਕਿ ਉਹ ਟਰੰਪ ਵਰਗੇ ਸੰਸਾਰ ਨੇਤਾਵਾਂ ਪ੍ਰਤੀ ਖੁੱਲ੍ਹ ਦਿਖਾਉਂਦਾ ਰਹੇਗਾ, ਪਰ ਜੇ ਕੋਈ ਆਮ ਯੂਜ਼ਰ ਅਜਿਹਾ ਕਰਦਾ ਹੈ ਤਾਂ ਸ਼ਾਇਦ ਉਸ ਪ੍ਰਤੀ ਇੰਨੀ ਖੁੱਲ੍ਹ ਨਹੀਂ ਦਿਖਾਈ ਜਾਵੇਗੀ। ਟਵਿੱਟਰ ਨੇ ਮੰਗਲਵਾਰ ਨੂੰ ਬਲਾਗ ਪੋਸਟ ਵਿਚ ਕਿਹਾ ਕਿ ਅਸੀਂ ਯੂਜ਼ਰਸ ਨੂੰ ਸੰਸਾਰਕ ਨੇਤਾਵਾਂ ਦੇ ਅਜਿਹੇ ਪੋਸਟ ਨੂੰ ਲਾਈਕ, ਸ਼ੇਅਰ ਜਾਂ ਰੀਟਵੀਟ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ, ਜੋ ਸਾਡੇ ਨਿਯਮਾਂ ਦੀ ਉਲੰਘਣਾ ਕਰਦੇ ਹਨ। ਯੂਜ਼ਰ ਇਸ ਰੀਟਵੀਟ ਦੇ ਨਾਲ ਟਿੱਪਣੀ ਕਰਕੇ ਆਪਣੀ ਰਾਏ ਦੇ ਸਕਣਗੇ। ਸਾਡਾ ਮਕਸਦ ਆਪਣੇ ਵਿਵੇਕ ਪੂਰਨ ਤੇ ਨਿਰਪੱਖ ਨਿਯਮਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦਾ ਹੈ। ਆਮ ਤੌਰ ਉੱਤੇ ਟਵਿੱਟਰ ਵਲੋਂ ਵਿਵਾਦਤ ਟਵੀਟ ਡਿਲੀਟ ਕਰ ਦਿੱਤਾ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਟਵਿੱਟਰ ਆਪਣੀ ਇਸ ਪਾਲਸੀ ਬਾਰੇ ਕਾਫੀ ਸਰਗਰਮ ਨਜ਼ਰ ਆ ਰਿਹਾ ਹੈ। ਅਸਲ ਵਿੱਚ ਟਵਿੱਟਰ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ ਦੇ ਵਿਵਾਦਤ ਟਵੀਟ ਦੇ ਖਿਲਾਫ ਕਦਮ ਚੁੱਕਣ ਲਈ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਉਹ ਅਜੇ ਤੱਕ ਟਰੰਪ ਦੇ ਖਿਲਾਫ ਕਾਰਵਾਈ ਕਰਨ ਤੋਂ ਡਰਦਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤੀ ਮੂਲ ਦੀ ਅਮਰੀਕੀ ਪਾਰਲੀਮੈਂਟ ਮੈਂਬਰ ਕਮਲਾ ਹੈਰਿਸ ਨੇ ਟਵਿੱਟਰ ਤੋਂ ਟਰੰਪ ਦਾ ਅਕਾਊਂਟ ਬੰਦ ਕਰਨ ਦੀ ਮੰਗ ਕੀਤੀ ਸੀ। ਟਰੰਪ ਆਪਣੇ ਸਿਆਸੀ ਵਿਰੋਧੀਆਂ ਉੱਤੇ ਹਮਲਾ ਕਰਨ ਲਈ ਅਕਸਰ ਹੀ ਟਵਿੱਟਰ ਦੀ ਵਰਤੋਂ ਕਰਦੇ ਹਨ।

# ਬ੍ਰਿਟੇਨ ਤੋਂ ਭਾਰਤੀ ਮੂਲ ਦੇ ਜੋੜੇ ਦੀ ਭਾਰਤ ਨੂੰ ਹਵਾਲਗੀ ਮਨਜ਼ੂਰ

ਲੰਡਨ, 16 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਹਾਈ ਕੋਰਟ ਨੇ ਗੋਦ ਲਏ ਪੁੱਤਰ ਅਤੇ ਰਿਸ਼ਤੇਦਾਰ ਦੇ ਕਤਲ ਕੇਸ ਵਿਚ ਦੋਸ਼ੀ ਭਾਰਤੀ ਮੂਲ ਦੇ ਜੋੜੇ ਦੀ ਹਵਾਲਗੀ ਲਈ ਭਾਰਤ ਨੂੰ ਅਪੀਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਕੇਸ ਬਾਰੇ ਰਾਇਲ ਕੋਰਟ ਆਫ ਜਸਟਿਸ ਵਿਚ ਅਗਲੇ ਸਾਲ 28 ਜਨਵਰੀ ਨੂੰ ਸੁਣਵਾਈ ਹੋਵੇਗੀ। ਹੱਤਿਆ ਦੀ ਇਹ ਵਾਰਦਾਤ ਸਾਲ 2017 ਵਿਚ ਗੁਜਰ-ਾਤ ਵਿਚ ਕੀਤੀ ਗਈ ਸੀ।




ਅਦਾਲਤ ਵਿੱਚ ਹਵਾਲਗੀ ਦੀ ਕਾਰਵਾਈ ਉੱਤੇ ਭਾਰਤ ਦੀ ਪੈਰਵੀ ਕਰਨ ਵਾਲੇ ਕ੍ਰਾਊਨ ਪ੍ਰਾਸਿਕਿਊਸ਼ਨ ਸਰਵਿਸ (ਸੀ ਪੀ ਐੱਸ) ਨੇ ਕਿਹਾ ਕਿ ਹੇਠਲੀ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਦੀ ਮਨਜ਼ੂਰੀ ਮਿਲ ਗਈ ਹੈ। ਹੇਠਲੀ ਅਦਾਲਤ ਵੈਸਟਮਿੰਸਟਰ ਮੈਜਿਸਟ੍ਰੇਟ ਕੋਰਟ ਨੇ ਜੁਲਾਈ ਵਿਚ ਭਾਰਤੀ ਮੂਲ ਦੇ ਬ੍ਰਿਟਿਸ਼ ਜੋੜੇ ਆਰਤੀ ਧੀਰ ਅਤੇ ਉਸ ਦੇ ਪਤੀ ਕਵਲ ਰਾਏਜ਼ਾਦਾ ਦੀ ਹਵਾਲਗੀ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਚੀਫ ਮੈਜਿਸਟ੍ਰੇਟ ਐਮਾ ਅਰਬੁਨਾਟ ਨੇ ਕਿਹਾ ਸੀ ਕਿ ਭਾਰਤ ਵਿਚ ਇਸ ਜੋੜੇ ਨੂੰ ਬਿਨਾਂ ਪੈਰੋਲ ਦੀ ਤਜਵੀਜ਼ ਦੇ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ, ਜਿਹੜੀ ਯੂਰਪੀਨ ਕਨਵੈਨਸ਼ਨ ਆਨ ਹਿਊਮਨ ਰਾਈਟਸ (ਈ ਸੀ ਐੱਚ ਆਰ) ਦੀ ਧਾਰਾ 3 ਦੇ ਖ਼ਿਲਾਫ਼ ਹੈ।

ਵਰਨਣ ਯੋਗ ਹੈ ਕਿ ਅਰਬੁਨਾਟ ਨੇ ਹੀ ਭਗੌੜੇ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਦੀ ਹਵਾਲਗੀ ਦਾ ਆਦੇਸ਼ ਦਿੱਤਾ ਸੀ। ਆਰਤੀ ਧੀਰ ਅਤੇ ਕਵਲ ਰਾਏਜ਼ਾਦਾ ਉੱਤੇ ਆਪਣੇ 11 ਸਾਲ ਦੇ ਗੋਦ ਲਏ ਪੁੱਤਰ ਗੋਪਾਲ ਸੇਜਾਨੀ ਤੇ ਆਪਣੇ ਇੱਕ ਰਿਸ਼ਤੇਦਾਰ ਹਰਸੁਖਭਾਈ ਕਰਦਾਨੀ ਦੀ ਹੱਤਿਆ ਦਾ ਦੋਸ਼ ਹੈ। ਇਹ ਕਤਲ ਕਾਂਡ ਫਰਵਰੀ 2017 ਵਿਚ ਗੁਜਰਾਤ ਵਿਚ ਹੋਇਆ ਸੀ। ਗੁਜਰਾਤ ਪੁਲਿਸ ਮੁਤਾਬਕ ਦੋਵਾਂ ਨੇ ਸਾਜ਼ਿਸ਼ ਨਾਲ ਗੋਪਾਲ ਨੂੰ ਗੋਦ ਲੈਣ ਦੀ ਯੋਜਨਾ ਬਣਾਈ ਤੇ 1.3 ਕਰੋੜ ਰੁਪਏ ਦਾ ਉਸ ਦਾ ਬੀਮਾ ਕਰਾਇਆ। ਉਸ ਤੋਂ ਬਾਅਦ ਬੀਮੇ ਦੀ ਰਕਮ ਲਈ ਬੱਚੇ ਤੇ ਰਿਸ਼ਤੇਦਾਰ ਦੀ ਅਗਵਾ ਪਿੱਛੋਂ ਹੱਤਿਆ ਕਰਵਾ ਦਿੱਤੀ ਸੀ। ਕੱਚੇ ਵਾਰੰਟ ਉੱਤੇ ਦੋਵਾਂ ਨੂੰ ਬ੍ਰਿਟੇਨ ਵਿਚ ਜੂਨ 2017 ਵਿਚ ਗ੍ਰਿਫ਼ਤਾਰ ਕੀਤਾ ਗਿਆ, ਪਰ ਬਾਅਦ ਵਿਚ ਸ਼ਰਤਾਂ ਨਾਲ ਜ਼ਮਾਨਤ ਮਿਲ ਗਈ ਸੀ। ਭਾਰਤ ਸਰਕਾਰ ਨੇ ਅਦਾਲਤ ਵਿਚ ਭਰੋਸਾ ਦਿੱਤਾ ਹੈ ਕਿ ਦੋਸ਼ੀ ਪਾਏ ਜਾਣ ਉੱਤੇ ਦੋਸ਼ੀ ਜੋੜੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ, ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।


FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424


# ਪ੍ਰੇਮ ਵਿਆਹ ਦੀ ਸਜ਼ਾ ਪ੍ਰੇਮੀ ਦੀ ਚਾਰ ਸਾਲਾ ਭੈਣ ਨੂੰ ਭੁਗਤਣੀ ਪੈ ਗਈ

ਲਾਹੌਰ, 16 ਅਕਤੂਬਰ (ਪੋਸਟ ਬਿਊਰੋ)- ਪ੍ਰੇਮੀ ਜੋੜੇ ਵੱਲੋਂ ਘਰੋਂ ਭੱਜ ਕੇ ਨਿਕਾਹ ਕਰਵਾਉਣਾ ਪ੍ਰੇਮੀ ਦੇ ਪਰਵਾਰ ਨੂੰ ਮਹਿੰਗਾ ਪਿਆ, ਕਿਉਂਕਿ ਇਸ ਝਗੜੇ ਬਾਰੇ ਪਿੰਡ ਵਿੱਚ ਹੋਏ ਜਿਰਗਾ ਵਿੱਚ ਪ੍ਰੇਮੀ ਦੀ ਚਾਰ ਸਾਲਾ ਭੈਣ ਦਾ ਪ੍ਰੇਮਿਕਾ ਦੇ ਅੱਠ ਸਾਲਾ ਭਰਾ ਨਾਲ ਨਿਕਾਹ ਕਰਨ ਦਾ ਫਤਵਾ ਸੁਣ-ਾਇਆ ਗਿਆ ਅਤੇ ਇਸ ਵਿੱਚ ਕੋਈ ਦੇਰ ਕਰਨ ਦੇ ਬਜਾਏ ਮੌਕੇ 'ਤੇ ਹੀ ਮੌਲਵੀ ਨੂੰ ਬੁਲਾ ਕੇ ਨਿਕਾਹ ਵੀ ਕਰਵਾ ਦਿੱਤਾ ਗਿਆ।

ਪਾਕਿਸਤਾਨੀ ਮੀਡੀਆ ਅਨੁਸਾਰ ਗੋਤਕੀ ਜ਼ਿਲੇ ਦੇ ਪਿੰਡ ਗੁਲਜ਼ਾਰ ਮਹਿਰ ਦੀ ਲੜਕੀ ਫਾਤਿਮਾ ਮਹਿਰ ਪੁੱਤਰੀ ਸਚਲ ਮਹਿਰ ਆਪਣੇ ਹੀ ਪਿੰਡ ਦੇ ਨੌਜਵਾਨ ਇਮਦਾਦ ਮਹਿਰ ਪੁੱਤਰ ਗੁਲ ਮਹਿਰ ਨਾਲ ਲਗਭਗ ਤਿੰਨ ਮਹੀਨੇ ਪਹਿਲਾਂ ਘਰੋਂ ਭੱਜ ਗਈ ਅਤੇ ਇਨ੍ਹਾਂ ਦੋਵਾਂ ਨੇ ਆਪਣੇ ਪਰਵਾਰਾਂ ਦੀ ਇੱਛਾ ਦੇ ਵਿਰੁੱਧ ਲੜਕਾਣਾ ਵਿੱਚ ਜਾ ਕੇ ਨਿਕਾਹ ਕਰ ਲਿਆ ਸੀ। ਇਸ ਪ੍ਰੇਮ ਵਿਆਹ ਨੂੰ ਦੋਵਾਂ ਪਰਵਾਰਾਂ ਨੇ ਸਵੀਕਾਰ ਨਹੀਂ ਕੀਤਾ। ਇਸ ਕਾਰਨ ਦੋਵਾਂ ਪਰਵਾਰਾਂ ਵਿੱਚ ਤਣਾਅ ਬਣ ਗਿਆ। ਫਾਤਿਮਾ ਮਹਿਰ ਦੇ ਪਰਵਾਰ ਵਾਲਿਆਂ ਦੀ ਮੰਗ ਉਤੇ ਰਹਿਮਤ ਉਲ੍ਹਾ ਮਹਿਰ ਅਤੇ ਸੰਜਰ ਮਹਿਰ ਦੀ ਅਗਵਾਈ ਵਿੱਚ ਪਿੰਡ ਵਿੱਚ ਜਿਰਗਾ (ਸਥਾਨਕ ਪੰਚਾਇਤ) ਕੀਤਾ ਗਿਆ, ਜਿਸ ਵਿੱਚ ਫਾਤਿਮਾ ਨੂੰ ਕਾਰੀ ਅਤੇ ਇਮਦਾਦ ਨੂੰ ਕਾਰੋ ਐਲਾਨ ਕੀਤਾ ਗਿਆ। ਓਥੇ ਦੋਵਾਂ ਧਿਰਾਂ ਦੀ ਗੱਲ ਸੁਣਨ ਪਿੱਛੋਂ ਇਮਦਾਦ ਦੀ ਚਾਰ ਸਾਲਾ ਭੈਣ ਸੁਮੇਰਾ ਦਾ ਨਿਕਾਹ ਫਾਤਿਮਾ ਦੇ ਅੱਠ ਸਾਲਾ ਭਰਾ ਮੁਹੰਮਦ ਇਬਰਾਹੀਮ ਨਾਲ ਕਰ ਦੇਣ ਅਤੇ ਇੱਕ ਮਹੀਨੇ ਵਿੱਚ ਇਮਦਾਦ ਦੇ ਪਰਵਾਰ ਨੂੰ ਫਾਤਿਮਾ ਦੇ ਪਰਵਾਰ ਵਾਲਿਆਂ ਨੂੰ ਤਿੰਨ ਲੱਖ ਰੁਪਏ ਮੁਆਵਜ਼ਾ ਅਦਾ ਕਰਨ ਦਾ ਫਤਵਾ ਸੁਣਾਇਆ ਗਿਆ। ਇਸ ਫਤਵੇ ਦੇ ਬਾਅਦ ਮੌਕੇ 'ਤੇ ਮੌਲਵੀ ਨੂੰ ਬੁਲਾ ਕੇ ਸੁਮੇਰਾ ਦਾ ਨਿਕਾਹ ਮੁਹੰਮਦ ਇਬਰਾਹੀਮ ਨਾਲ ਕਰ ਦਿੱਤਾ ਗਿਆ।

# ਸੁਣਵਾਈ ਤੋਂ ਜੱਜ ਦੇ ਹਟਣ ਬਾਰੇ ਸੋਸ਼ਲ ਮੀਡੀਆ ਉੱਤੇ ਮੁਹਿੰਮ ਤੋਂ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਨੇ ਜ਼ਮੀਨ ਐਕੁਆਇਰ ਕਾਨੂੰਨ ਦੇ ਨਿਯਮਾਂ ਦੀ ਵਿਆਖਿਆ ਵਾਲੇ ਸੰਵਿਧਾਨਕ ਬੈਂਚ ਨੂੰ ਹਟਾਉਣ ਲਈ ਸੋਸ਼ਲ ਮੀਡੀਆ ਤੋਂ ਖਬਰਾਂ ਵਿੱਚ ਚਲਾਈ ਗਈ ਮੁਹਿੰਮ 'ਤੇ ਕੱਲ੍ਹ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਕਿਸੇ ਜੱਜ ਵਿਸ਼ੇਸ਼ ਦੇ ਖਿਲਾਫ ਨਹੀਂ, ਨਿਆਂ ਦੀ ਸੰਸਥਾ ਦਾ ਅਕਸ ਧੁੰਦਲਾ ਕਰਨ ਦਾ ਯਤਨ ਹੈ।

ਵਰਨਣ ਯੋਗ ਹੈ ਕਿ ਜਸਟਿਸ ਅਰੁਣ ਮਿਸ਼ਰਾ ਜ਼ਮੀਨ ਐਕੁਆਇਰ ਕਾਨੂੰਨ ਦੇ ਨਿਯਮਾਂ ਦੀ ਵਿਆਖਿਆ ਕਰਨ ਦੇ ਲਈ ਬਣਾਏ ਪੰਜ ਮੈਂਬਰੀ ਸੰਵਿਧਾਨਕ ਬੈਂਚ ਦੀ ਅਗਵਾਈ ਕਰ ਰਹੇ ਸਨ। ਕਿਸਾਨਾਂ ਦੇ ਸੰਗਠਨਾਂ ਸਮੇਤ ਕੁਝ ਧਿਰਾਂ ਨੇ



ਜੁਡੀਸ਼ਲ ਨੈਤਿਕ ਆਧਾਰ ਉੱਤੇ ਜਸਟਿਸ ਮਿਸ਼ਰਾ ਨੂੰ ਸੁਣਵਾਈ ਤੋਂ ਹਟਣ ਦੀ ਬੇਨਤੀ ਕਰ ਕੇ ਕਿਹਾ ਹੈ ਕਿ ਸੰਵਿਧਾਨਕ ਬੈਂਚ ਉਸ ਫੈਸਲੇ ਦੇ ਸਹੀ ਹੋਣ ਬਾਰੇ ਵਿਚਾਰ ਕਰ ਰਿਹਾ ਹੈ, ਜਿਸ ਦੇ ਲੇਖਕ ਜਸਟਿਸ ਮਿਸ਼ਰਾ ਹਨ। ਸੁਪਰੀਮ ਕੋਰਟ ਨੇ ਪਿਛਲੇ ਸਾਲ ਛੇ ਮਾਰਚ ਨੂੰ ਕਿਹਾ ਸੀ ਕਿ ਬਰਾਬਰ ਮੈਂਬਰਾਂ ਵਾਲੇ ਦੋ ਵੱਖ-ਵੱਖ ਬੈਂਚਾਂ ਵੱਲੋਂ ਜ਼ਮੀਨ ਅਕੁਆਇਰ ਕਰਨ ਨਾਲ ਸੰਬੰਧਤ ਦੋ ਵੱਖ-ਵੱਖ ਫੈਸਲਿਆਂ ਦੇ ਸਹੀ ਹੋਣ ਦੇ ਸਵਾਲ ਉੱਤੇ ਵੱਡੇ ਬੈਂਚ ਵੱਲੋਂ ਵਿਚਾਰ ਕੀਤਾ ਜਾਏਗਾ। ਜਸਟਿਸ ਮਿਸ਼ਰਾ ਨੇ ਸੁਣਵਾਈ ਦੌਰਾਨ ਕਿਹਾ, ਜੇ ਇਸ ਅਦਾਰੇ ਦੀ ਇਮਾਨਦਾਰੀ ਦਾਅ ਉੱਤੇ ਹੋਵੇਗੀ ਤਾਂ ਮੈਂ ਕੇਸ ਤੋਂ ਲਾਂਭੇ ਹਟਣ ਵਾਲਾ ਪਹਿਲਾ ਵਿਅਕਤੀ ਹੋਵਾਂਗਾ। ਮੈਂ ਕਿਸੇ ਦੂਸਰੇ ਗ੍ਰਹਿ ਤੋਂ ਨਹੀਂ ਆਇਆ ਅਤੇ ਇਸ ਧਰਤੀ 'ਤੇ ਕਿਸੇ ਵੀ ਚੀਜ਼ ਤੋਂ ਪ੍ਰਭਾਵਤ ਨਹੀਂ ਹੁੰਦਾ, ਜੇ ਮੈਂ ਇਸ ਗੱਲ ਤੋਂ ਸੰਤੁਸ਼ਟ ਹੋਵਾਂਗਾ ਕਿ ਮੈਂ ਅਗਾਊਂ ਅਪੀਲ ਤੋਂ ਪ੍ਰਭਾਵਤ ਹਾਂ ਤਾਂ ਮੈਂ ਖੁਦ ਇਸ ਮਾਮਲੇ ਦੀ ਸੁਣਵਾਈ ਤੋਂ ਵੱਖ ਹੋ ਜਾਵਾਂਗਾ। ਉਨ੍ਹਾਂ ਨੇ ਸੰਬੰਧਤ ਧਿਰਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਇਸ ਬਾਰੇ ਸੰਤੁਸ਼ਟ ਕਰਨ ਕਿ ਉਨ੍ਹਾਂ ਨੂੰ ਇਸ ਮਾਮਲੇ ਦੀ ਸੁਣਵਾਈ ਤੋਂ ਖੁਦ ਨੂੰ ਕਿਉਂ ਵੱਖ ਕਰਨਾ ਚਾਹੀਦਾ ਹੈ।

## ਐਟਮੀ ਜੰਗ ਦੀ ਧਮਕੀ ਦੇਣ ਦੇ ਖਤਰੇ ਬਾਰੇ ਭਾਰਤ ਨੇ ਚਿਤਾਵਨੀ ਦਿੱਤੀ

ਯੂ ਐਨ ਓ, 16 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ 'ਚੋਂ ਧਾਰਾ 370 ਖਤਮ ਕੀਤੇ ਜਾਣ ਪਿੱਛੋਂ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਦੱਖਣੀ ਏਸ਼ੀਆ 'ਚ ਸੰਭਾਵੀ ਐਟਮੀ ਜੰਗ ਬਾਰੇ ਬਿਆਨ ਤੋਂ ਕੁਝ ਦਿਨਾਂ ਬਾਅਦ ਭਾਰਤ ਨੇ ਸਰਹੱਦ ਪਾਰ ਅੱਤਵਾਦ ਨੂੰ ਲੁਕਾਉਣ ਲਈ ਦੇਸ਼ਾਂ ਵੱਲੋਂ 'ਐਟਮੀ ਹਥਿਆਰਾਂ ਦੀ ਵਰਤੋਂ ਦੀ ਧਮਕੀ ਦੇਣ' ਦੇ ਖਤਰਿਆਂ ਨੂੰ ਲੈ ਕੇ ਇੱਕ ਚਿਤਾਵਨੀ ਦਿੱਤੀ ਹੈ। ਹਥਿਆਰਬੰਦੀ ਸੰਮੇਲਨ (ਸੀ ਡੀ) ਵਿੱਚ ਭਾਰਤ ਦੇ ਪੱਕੇ ਪ੍ਰਤੀਨਿਧ ਰਾਜਦੂਤ ਪੰਕਜ ਸ਼ਰਮਾ ਨੇ ਇਸ ਬਾਰੇ ਕਿਹਾ ਕਿ ਕੌਮਾਂਤਰੀ ਸੁਰੱਖਿਆ ਹਾਲਾਤ ਲਗਾਤਾਰ ਬਦਲ ਰਹੇ ਹਨ। ਇੱਕ ਜ਼ਿੰਮੇਵਾਰ ਐਟਮੀ ਸ਼ਕਤੀ ਹੋਣ ਕਾਰਨ ਭਾਰਤ ਦਾ ਐਟਮੀ ਸਿਧਾਂਤ ਇਨ੍ਹਾਂ ਹਥਿਆਰਾਂ ਦੀ ਪਹਿਲਾਂ ਵਰਤੋਂ ਨਾ ਕਰਨ ਅਤੇ ਐਟਮੀ ਹਥਿਆਰ ਰਹਿਤ ਦੇਸ਼ਾਂ ਦੇ ਖਿਲਾਫ ਇਸ ਦੀ ਵਰਤੋਂ ਨਾ ਕਰਨ ਦਾ ਹੈ।


MICHELIN · Hankook · Continental · ROADLUX · BFGoodrich · AEOLUS · COMPASAL



Chevron Delo
Special OIL CHANGE Rates

BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਕੈਨੇਡਾ ਦੇ ਪ੍ਰਧਾਨ ਮੰਤਰੀ ਬਣਕੇ ਕੀ ਜਗਮੀਤ ਸਿੰਘ ਬਰੈਂਪਟਨ ਵਿਚ ਆਉਂਦੇ ਦੋ ਸਾਲਾਂ ਵਿਚ ਬਰੈਂਪਟਨ ਵਿਚ ਨਵਾਂ ਹਸਪਤਾਲ ਖੋਲ੍ਹ ਸਕਣਗੇ?

## ਹਸਪਤਾਲ ਨਾ ਸ਼ੁਰੂ ਹੋਣ 'ਤੇ ਅਕਤੂਬਰ 2021 ਵਿਚ ਪ੍ਰਿੰ. ਸੰਜੀਵ ਧਵਨ ਮਰਨ ਤੀਕ ਭੁੱਖ-ਹੜਤਾਲ 'ਤੇ ਬੈਠਣਗੇ

ਬਰੈਂਪਟਨ, (ਡਾ. ਝੰਡ) -ਕੈਨੇਡਾ ਦੀਆਂ ਫ਼ੈਡਰਲ ਚੋਣਾਂ ਦਾ ਅੱਜਕੱਲ੍ਹ ਖ਼ੂਬ ਰਾਮ-ਰੌਲਾ ਹੈ। ਸਾਰੀਆਂ ਸਿਆਸੀ ਪਾਰਟੀਆਂ ਇਸ ਵਿਚ ਸਫ਼ਲ ਹੋਣ ਲਈ ਆਪਣਾ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਉਹ ਕਈ ਲੋਕ-ਲੁਭਾਉਣੇ ਵਾਅਦੇ ਕਰ ਰਹੀਆਂ ਹਨ ਜਿਨ੍ਹਾਂ ਵਿਚ ਬਰੈਂਪਟਨ ਵਿਚ ਨਵਾਂ ਹਸਪਤਾਲ ਮਨਾਉਣ ਦੇ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਜਾ ਰਿਹਾ ਹੈ ਅਤੇ ਇਹ ਪ੍ਰਚਾਰ ਸੱਭ ਤੋਂ ਵਧੇਰੇ ਐੱਨ.ਡੀ.ਪੀ. ਅਤੇ ਇਸ ਦੇ ਆਗੂ ਜਗਮੀਤ ਸਿੰਘ ਵੱਲੋਂ ਕੀਤਾ ਜਾ ਰਿਹਾ ਹੈ।

ਇਸ ਦੇ ਬਾਰੇ ਆਪਣਾ ਪ੍ਰਤੀਕਰਮ ਦੱਸਦਿਆਂ ਪ੍ਰਸਿੱਧ ਟੀ.ਵੀ. ਪੱਤਰਕਾਰ ਪ੍ਰਿੰ. ਸੰਜੀਵ ਧਵਨ ਨੇ ਬੀਤੇ ਦਿਨੀਂ ਜਗਮੀਤ ਸਿੰਘ ਦੇ ਨਾਂ ਇਕ ਖੁੱਲ੍ਹਾ-ਪੱਤਰ ਜਾਰੀ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਕੁਝ ਸੁਆਲ ਉਠਾਏ ਹਨ ਜਿਨ੍ਹਾਂ ਵਿਚ ਮੁੱਖ ਸੁਆਲ ਬਰੈਂਪਟਨ ਦੇ ਇਸ ਸੰਭਾਵੀ ਹਸਪਤਾਲ ਸਬੰਧੀ ਹੈ। ਪ੍ਰਿੰਸੀਪਲ ਸੰਜੀਵ ਧਵਨ ਦਾ ਕਹਿਣਾ ਹੈ ਕਿ ਬਰੈਂਪਟਨ ਵਿਚ ਇਕ ਹੋਰ ਹਸਪਤਾਲ ਖੋਲ੍ਹਣ ਬਾਰੇ ਕੋਈ ਵੀ ਸਿਆਸੀ ਪਾਰਟੀ ਗੰਭੀਰ ਨਹੀਂ ਹੈ ਅਤੇ ਸਾਰੀਆਂ ਪਾਰਟੀਆਂ ਇਸ ਨੂੰ ਸਿਆਸੀ ਮੁੱਦੇ ਵਜੋਂ ਹੀ ਲੈ ਰਹੀਆਂ ਹਨ। ਬੀਤੇ ਐਤਵਾਰ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਬਰੈਂਪਟਨ ਵਿਚ ਹਸਪਤਾਲ ਬਰੈਂਪਟਨ-ਵਾਸੀਆਂ ਦੀ ਲੋੜ ਹੈ, ਨਾ ਕਿ ਸਿਆਸੀ ਨੇਤਾਵਾਂ ਦੀ, ਕਿਉਂਕਿ ਉਹ ਤਾਂ ਔਟਵਾ ਜਾਂ ਕਿਸੇ ਹੋਰ ਸ਼ਹਿਰ ਦੇ ਹਸਪਤਾਲ ਵਿਚ ਜਾ ਕੇ ਬੜੇ ਆਰਾਮ ਨਾਲ ਆਪਣਾ ਇਲਾਜ ਕਰਵਾ ਸਕਦੇ ਹਨ। ਉਨ੍ਹਾਂ ਨੇ ਸਾਰੇ ਬਰੈਂਪਟਨ-ਵਾਸੀਆਂ ਨੂੰ ਆਪੋ-ਆਪਣੀ ਨਿੱਜੀ ਸਿਆਸੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਇੱਕ-ਮੁੱਠ ਹੋ ਕੇ ਸੰਘਰਸ਼ ਕਰਨ ਲਈ ਕਿਹਾ ਜਿਸ ਦੀ ਅਗਵਾਈ ਉਹ ਆਪਣੇ ਹਮ-ਖ਼ਿਆਲ ਦੋਸਤਾਂ ਦੇ ਸਹਿਯੋਗ ਨਾਲ ਖ਼ੁਦ ਕਰ ਰਹੇ ਹਨ।

ਜਗਮੀਤ ਸਿੰਘ ਨੂੰ ਸੰਬੋਧਿਤ ਆਪਣੇ ਖੁੱਲ੍ਹੇ-ਪੱਤਰ ਵਿਚ ਉਨ੍ਹਾਂ ਕਿਹਾ ਹੈ,"12 ਸਤੰਬਰ, 2019 ਨੂੰ ਤੁਸੀਂ ਬਰੈਂਪਟਨ ਵਿਖੇ ਨਵਾਂ ਹਸਪਤਾਲ ਲਿਆਉਣ ਦਾ ਵਾਅਦਾ ਕੀਤਾ ਸੀ। ਤੁਸੀਂ ਇਹ ਵੀ ਦੱਸਿਆ ਕਿ ਬਰੈਂਪਟਨ ਸਿਹਤ ਸੰਭਾਲ ਅਤੇ ਸੇਵਾਵਾਂ ਦੇ ਸੰਕਟ ਨਾਲ ਜੂਝ ਰਿਹਾ ਹੈ, ਜਿਸ ਨੂੰ ਇਸ ਵੇਲੇ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ। ਸਾਲ 2007 ਵਿੱਚ 'ਪਰਵਾਸੀ' ਅਖਬਾਰ ਦੇ ਸੰਪਾਦਕ ਰਾਜਿੰਦਰ ਸੈਣੀ ਅਤੇ ਬਰੈਂਪਟਨ ਦੇ ਹੋਰ ਪ੍ਰਮੁੱਖ ਨਾਗਰਿਕਾਂ ਦੀ ਅਗਵਾਈ ਵਿੱਚ ਕਈ ਬਰੈਂਪਟਨ ਵਾਸੀਆਂ ਨੇ ਇਹ ਮਾਮਲਾ ਉਠਾਇਆ ਸੀ। 9 ਦਸੰਬਰ, 2007 ਨੂੰ ਹਜ਼ਾਰਾਂ ਬਰੈਂਪਟਨ-ਵਾਸੀਆਂ ਨੇ ਫਿਰ ਆਪਣੀ ਅਸੰਤੁਸ਼ਟੀ ਜ਼ਾਹਿਰ ਕੀਤੀ ਅਤੇ ਇਸ ਮੁੱਦੇ 'ਤੇ ਵੱਡੀ ਚਿੰਤਾ ਪ੍ਰਗਟ ਕੀਤੀ। ਰਾਜਨੀਤਿਕ ਨੇਤਾਵਾਂ ਨੇ ਉਸ ਸਮੇਂ ਵੀ ਵੱਡੇ-ਵੱਡੇ ਵਾਅਦੇ ਕੀਤੇ ਸਨ। 12 ਸਾਲਾਂ ਬਾਅਦ ਕੁਝ ਵੀ ਨਹੀਂ ਹੋਇਆ, ਸਿਵਾਏ ਇਸ ਤੱਥ ਤੋਂ ਕਿ ਬਰੈਂਪਟਨ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵੱਧਦੀ ਗਈ। ਦੂਜੇ ਸ਼ਬਦਾਂ ਵਿਚ, ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।"

ਇਸ ਪੱਤਰ ਵਿਚ ਅੱਗੇ ਚੱਲ ਕੇ ਉਹ ਕਹਿੰਦੇ ਹਨ,"11 ਅਕਤੂਬਰ, 2019 ਨੂੰ ਤੁਸੀਂ ਬਰੈਂਪਟਨ ਵਿੱਚ ਇੱਕ ਰਾਊਂਡ ਟੇਬਲ ਵਿਚਾਰ-ਵਟਾਂਦਰੇ ਦਾ ਆਯੋਜਨ ਕੀਤਾ। ਮੈਂ ਤੁਹਾਨੂੰ ਨਿੱਜੀ ਤੌਰ 'ਤੇ ਬਰੈਂਪਟਨ ਦੇ ਲੰਮੇ ਸਮੇਂ ਤੋਂ ਪਹਿਲਾਂ ਤੋਂ ਬਣੇ ਨਵੇਂ ਹਸਪਤਾਲ ਲਈ ਟਾਈਮਲਾਈਨ ਬਾਰੇ ਇੱਕ ਸਵਾਲ ਪੁੱਛਿਆ ਸੀ। ਤੁਸੀਂ ਕਿਹਾ ਸੀ ਕਿ ਤੁਸੀਂ ਸਮਾਂ-ਰੇਖਾ ਨਹੀਂ ਦੇ ਸਕਦੇ, ਕਿਉਂਕਿ ਇਸ ਬਾਰੇ ਸੂਬਾਈ ਸਰਕਾਰ ਨਾਲ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ ਅਤੇ ਉਹ ਹੀ ਆਖ਼ਰੀ ਫੈਸਲਾ ਲੈਣਗੇ। ਤੁਹਾਡੇ ਇਸ ਬਿਆਨ ਨੇ ਇਹ ਸਾਫ਼ ਕਰ ਦਿੱਤਾ ਕਿ ਇਹ ਮਾਮਲਾ ਤੁਹਾਡੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ।"

ਇਸ ਤੋਂ ਬਾਅਦ ਆਪਣੀ ਚਿੱਠੀ ਵਿਚ ਕੁਝ ਹੋਰ ਕਹਿਣ ਤੋਂ ਬਾਅਦ ਪ੍ਰਿੰ. ਧਵਨ ਲਿਖਦੇ ਹਨ,"ਮੇਰਾ ਮੰਨਣਾ ਹੈ ਕਿ ਬਰੈਂਪਟਨ ਦੇ ਲੋਕਾਂ ਨੂੰ ਇਕ ਨਵੇਂ ਹਸਪਤਾਲ ਦੀ ਜ਼ਰੂਰਤ ਹੈ। ਜਿਵੇਂ ਕਿ ਤੁਸੀਂ ਆਪ ਕਿਹਾ ਹੈ ਕਿ ਬਰੈਂਪਟਨ ਵਿਚ ਸਿਹਤ-ਸੇਵਾਵਾਂ ਦਾ ਸੰਕਟ ਅਜੇ ਵੀ ਜਾਰੀ ਹੈ ਅਤੇ ਸਾਨੂੰ ਬਰੈਂਪਟਨ ਵਿਚ ਇਹ ਹਸਪਤਾਲ ਬਣਾਉਣ ਦੀ ਅਤਿਅੰਤ ਜ਼ਰੂਰਤ ਹੈ ਅਤੇ ਇਹੀ ਸਹੀ ਸਮਾਂ ਹੈ ਅਤੇ ਇਹੀ ਸਮੇਂ ਦੀ ਮੰਗ ਹੈ। ਆਪਣੇ ਆਖ਼ਰੀ ਪ੍ਰਸ਼ਨ ਵਿਚ ਮੈਂ ਕਿਹਾ,"ਮੈਂ ਪੂਰੇ ਮੀਡੀਆ ਸਾਹਮਣੇ ਤੁਹਾਡੇ ਨਾਲ ਇਕ ਵਾਅਦਾ ਕਰਦਾ ਹਾਂ ਕਿ ਮੈਂ ਮੌਤ ਤਕ ਅਣਮਿੱਥੇ-ਸਮੇਂ ਲਈ ਭੁੱਖ ਹੜਤਾਲ ਕਰਾਂਗਾ, ਕਿਉਂਕਿ ਮੈਂ ਇਸ ਤਰ੍ਹਾਂ ਮਰਨਾ ਪਸੰਦ ਕਰਾਂਗਾ, ਨਾ ਕਿ ਹਸਪਤਾਲ ਵਿਚ ਡਾਕਟਰ ਦੀ ਉਡੀਕ ਵਿਚ ਅਤੇ ਦੁਖੀ ਹੋਣ ਦੀ ਬਜਾਏ, ਸੂਬਾਈ ਅਸੈਂਬਲੀ ਦੇ ਸਾਹਮਣੇ ਮਰਨਾ ਬਿਹਤਰ ਕਿਉਂ ਨਹੀਂ? ਕੀ ਤੁਸੀਂ ਇੱਥੇ ਇਸ ਦਾ ਵਾਅਦਾ ਕਰ ਸਕਦੇ ਹੋ, ਕਿ ਜੇ ਦੋ ਸਾਲਾਂ ਵਿੱਚ ਸਾਨੂੰ ਇਹ ਲੋੜੀਂਦਾ ਹਸਪਤਾਲ ਨਹੀਂ ਮਿਲਦਾ ਤਾਂ ਤੁਸੀਂ ਆਪਣੇ ਰਾਜਨੀਤਿਕ ਅਹੁਦਿਆਂ ਤੋਂ ਅਸਤੀਫ਼ਾ ਦੇਵੋਗੇ ਅਤੇ ਮੇਰੇ ਨਾਲ ਉਥੇ ਬੈਠੋਗੇ?" ਤੁਸੀਂ ਜਵਾਬ ਦਿੱਤਾ,"ਮੈਂ ਹੁਣ ਅਜਿਹਾ ਨਹੀਂ ਕਰਾਂਗਾ। ਮੈਂ ਹੁਣ ਇਹ ਨਹੀਂ ਕਹਿ ਸਕਦਾ, ਮਾਫ਼ ਕਰਨਾ।"



ਪ੍ਰਿੰਸੀਪਲ ਧਵਨ ਅਨੁਸਾਰ,"ਜੇ ਮੈਂ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਕੇ ਬਰੈਂਪਟਨ ਲਈ ਹਸਪਤਾਲ ਦੀ ਮੰਗ ਨੂੰ ਸੱਚ ਕਰਵਾਉਣ ਲਈ ਲੜ ਸਕਦਾ ਹਾਂ ਤਾਂ ਤੁਸੀਂ ਬਰੈਂਪਟਨ ਲਈ ਹਸਪਤਾਲ ਲਿਆਉਣ ਲਈ ਆਪਣੇ ਸਿਆਸੀ ਅਹੁਦਿਆਂ ਨੂੰ ਖਤਰੇ 'ਚ ਪਾਉਣ ਤੋਂ ਕਿਉਂ ਝਿਜਕ ਰਹੇ ਹੋ?" ਤੇ ਤੁਸੀਂ ਜਵਾਬ ਵਿੱਚ ਕਿਹਾ,"ਮੈਨੂੰ ਨਹੀਂ ਲਗਦਾ ਕਿ ਇਹ ਮਦਦਗਾਰ ਹੋਵੇਗਾ ਕਿਉਂਕਿ ਮੇਰਾ ਅਸਤੀਫ਼ਾ ਹਸਪਤਾਲ ਲਿਆਉਣ ਵਿਚ ਸਹਾਇਤਾ ਨਹੀਂ ਕਰੇਗਾ।"

ਅੱਗੇ ਚੱਲ ਕੇ ਪ੍ਰਿੰ. ਧਵਨ ਲਿਖਦੇ ਹਨ, "ਜਦੋਂ ਅਸੀਂ ਇਹ ਗੱਲਬਾਤ ਕਰ ਰਹੇ ਸੀ ਕਮਰੇ ਵਿੱਚ ਹਰ ਕੋਈ ਬਹੁਤ ਗੰਭੀਰ ਸੀ ਅਤੇ ਤੁਹਾਡੇ ਉਮੀਦਵਾਰਾਂ ਸਮੇਤ ਸਾਰੀਆਂ ਨਜ਼ਰਾਂ ਤੁਹਾਡੇ ਉੱਤੇ ਸਨ। ਕੋਈ ਨਹੀਂ ਹੱਸ ਰਿਹਾ ਸੀ। ਮੈਂ ਸਮਝਦਾ ਹਾਂ ਕਿ ਤੁਹਾਨੂੰ ਆਪਣੇ



ਅਹੁਦਿਆਂ, ਵਿਕਲਪਾਂ ਅਤੇ ਪ੍ਰਤੀਬੱਧਤਾਵਾਂ ਦੀ ਚੋਣ ਕਰਨ ਦਾ ਪੂਰਾ ਅਧਿਕਾਰ ਹੈ। ਇਹ ਫ਼ੈਸਲਾ ਕਰਨਾ ਤੁਹਾਡਾ ਅਧਿਕਾਰ ਹੈ ਕਿ ਤੁਸੀਂ ਅਸਤੀਫ਼ਾ ਦੇਣਾ ਚਾਹੁੰਦੇ ਹੋ ਜਾਂ ਨਹੀਂ, ਅਤੇ ਤੁਹਾਨੂੰ ਇਹ ਚੁਣਨ ਦਾ ਵੀ ਅਧਿਕਾਰ ਹੈ ਕਿ ਤੁਸੀਂ ਭੁੱਖ-ਹੜਤਾਲ ਵਿਚ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ। ਜੇ ਮੈਂ ਤੁਹਾਡੇ ਸਥਾਨ 'ਤੇ ਪ੍ਰਸ਼ਨ ਦਾ ਉੱਤਰ ਦੇ ਰਿਹਾ ਹੁੰਦਾ, ਤਾਂ ਮੈਂ ਇਸ ਪ੍ਰਸ਼ਨ ਦਾ ਉੱਤਰ ਇਸ ਤਰ੍ਹਾਂ ਦੇਣਾ ਸੀ: "ਸੰਜੀਵ, ਮੈਂ ਤੁਹਾਡੀ ਚਿੰਤਾ ਨੂੰ ਸਮਝਦਾ ਹਾਂ ਅਤੇ ਬਰੈਂਪਟਨ ਲਈ ਹਸਪਤਾਲ ਦੀ ਮੰਗ ਨੂੰ ਪੂਰਾ ਕਰਵਾਉਣ ਦੀ ਤੁਹਾਡੀ ਵਚਨਬੱਧਤਾ ਦੀ ਪ੍ਰਸ਼ੰਸਾ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਬਰੈਂਪਟਨ ਸੰਕਟ ਦੀ ਸਥਿਤੀ ਵਿਚ ਹੈ ਅਤੇ ਇਸ ਨੂੰ ਤੁਰੰਤ ਇਕ ਨਵੇਂ ਹਸਪਤਾਲ ਦੀ ਜ਼ਰੂਰਤ ਹੈ। ਮੇਰੇ 'ਤੇ ਭਰੋਸਾ ਕਰੋ, ਮੈਂ ਗੰਭੀਰ ਸਥਿਤੀ ਵਿਚ ਪਹੁੰਚਣ ਤੋਂ ਬਚਣ ਲਈ ਆਪਣੇ ਸਾਰੇ ਸਾਧਨਾਂ ਦੀ ਵਰਤੋਂ ਕਰਾਂਗਾ ਜੋ ਤੁਹਾਨੂੰ ਅਜਿਹਾ ਸਖਤ ਕਦਮ ਚੁੱਕਣ ਲਈ ਮਜਬੂਰ ਕਰਨਗੇ। ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ, ਮੈਂ ਇਸ ਮਕਸਦ 'ਚ ਤੁਹਾਦਾ ਪੂਰਨ ਸਮਰਥਨ ਕਰਾਂਗਾ ਅਤੇ ਹਰ ਰੋਜ਼ ਕੁਝ ਘੰਟੇ ਤੁਹਾਡੇ ਨਾਲ ਬੈਠਾਂਗਾ, ਪਰ ਤੁਹਾਨੂੰ ਸੰਸਦ ਵਿਚ ਸਮਰਥਨ ਦੀ ਜ਼ਰੂਰਤ ਹੈ। ਮੇਰਾ ਅਸਤੀਫਾ ਮਦਦ ਨਹੀਂ ਦੇਵੇਗਾ, ਕਿਉਂਕਿ ਮੈਂ ਸੰਸਦ ਵਿਚ ਤੁਹਾਡੀ ਆਵਾਜ਼ ਬਣਾਂਗਾ ਅਤੇ ਬਰੈਂਪਟਨ ਤੋਂ ਮੇਰੇ ਸੰਸਦ ਮੈਂਬਰ ਬਰੈਂਪਟਨ ਨੂੰ ਇਕ ਸਖ਼ਤ ਆਵਾਜ਼ ਦੇਣਗੇ।"

ਆਪਣੀ ਚਿੱਠੀ ਵਿਚ ਪ੍ਰਿੰਸੀਪਲ ਧਵਨ ਦਾ ਕਹਿਣਾ ਹੈ,"ਤੁਹਾਡੇ ਸਾਰੇ ਉਮੀਦਵਾਰ ਅਖਬਾਰਾਂ, ਰੇਡੀਓ ਅਤੇ ਟੀਵੀ ਸਟੇਸ਼ਨਾਂ 'ਤੇ ਇਸ਼ਤਿਹਾਰ-ਬਾਜ਼ੀ ਕਰ ਰਹੇ ਹਨ, ਜ਼ੋਰ ਦੇ ਰਹੇ ਹਨ ਅਤੇ ਵਾਅਦਾ ਕਰ ਰਹੇ ਹਨ ਕਿ ਤੁਹਾਨੂੰ ਬਰੈਂਪਟਨ ਲਈ ਹਸਪਤਾਲ ਮਿਲੇਗਾ। ਕੀ ਇਹ ਵਿਅੰਗਾਤਮਕ ਗੱਲ ਨਹੀਂ ਹੈ ਕਿ ਤੁਸੀਂ ਕਿਸੇ ਅਜਿਹੇ ਮੁੱਦੇ 'ਤੇ ਵੋਟਾਂ ਮੰਗ ਰਹੇ ਹੋ ਜਿਸ ਤੋਂ ਤੁਸੀਂ ਅਧਿਕਾਰਤ ਤੌਰ 'ਤੇ ਇਹ ਕਹਿ ਕੇ ਇਨਕਾਰੀ ਹੋ ਗਏ ਕਿ ਉਹ ਤੁਹਾਡੇ ਅਧਿਕਾਰ-ਖ਼ੇਤਰ ਚ ਨਹੀਂ ਆਉਂਦਾ? ਇਸ ਤੋਂ ਇਲਾਵਾ, ਜਦੋਂ ਤੁਹਾਨੂੰ ਇਸਦੇ ਲਈ ਥੋੜ੍ਹੀ ਜਿਹੀ ਅਹੁਦਿਆਂ ਦੀ ਕੁਰਬਾਨੀ ਦੇਣ ਲਈ ਕਿਹਾ ਜਾਂਦਾ ਹੈ, ਤਾਂ ਤੁਸੀਂ ਵਚਨਬੱਧਤਾ ਦੀ ਘਾਟ ਜ਼ਾਹਰ ਕਰਦੇ ਹੋਏ ਸਾਫ ਪੱਲਾ ਝਾੜ ਲੈਂਦੇ ਹੋ।"

ਇੱਥੇ ਇਹ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸੰਬਰ 2018 ਵਿਚ 'ਬਰੈਂਪਟਨ ਐਕਸ਼ਨ ਕੋਲੀਸ਼ਨ' ਵੱਲੋਂ ਬਰੈਂਪਟਨ ਦੀਆਂ ਲੱਗਭੱਗ ਤਿੰਨ ਦਰਜਨ ਸੰਸਥਾਵਾਂ ਦੇ ਸਹਿਯੋਗ ਨਾਲ ਇੱਥੇ ਬਰੈਂਪਟਨ ਵਿਚ ਨਵਾਂ ਹਸਪਤਾਲ ਅਤੇ ਯੂਨੀਵਰਸਿਟੀ ਬਨਾਉਣ ਦੀਆਂ ਦੋ ਮੁੱਖ ਮੰਗਾਂ ਲੈ ਕੇ ਕੁਝ ਮੀਟਿੰਗਾਂ ਕੀਤੀਆਂ ਗਈਆਂ ਸਨ। ਡਾਊਨ ਟਾਊਨ ਟੋਰਾਂਟੋ ਵਿਚ ਅਤੇ ਮਾਲਟਨ ਤੋਂ ਰੈਕਸਡੇਲ ਤੱਕ ਨਿਕਲਣ ਵਾਲੇ ਨਗਰ-ਕੀਰਤਨਾਂ ਵਿਚ ਵੀ ਇਸ ਸਬੰਧੀ ਫ਼ਲਾਇਰ ਵੰਡੇ ਗਏ ਸਨ। ਬੇਸ਼ਕ, ਇਸ ਦਾ ਕੁਝ ਵੀ ਸਿੱਧਾ ਅਸਰ ਅਜੇ ਵੇਖਣ ਨੂੰ ਨਹੀਂ ਮਿਲਿਆ ਪਰ ਅਸਿੱਧੇ ਤੌਰ 'ਤੇ ਸਿਆਸੀ ਪਾਰਟੀਆਂ ਨੇ ਇਸ ਨੂੰ ਆਪਣੇ ਮੁੱਖ ਚੋਣ-ਮੁੱਦਿਆਂ ਵਿਚ ਸ਼ਾਮਲ ਜ਼ਰੂਰ ਕੀਤਾ ਹੈ।

ਬਰੈਂਪਟਨ ਵਿਚ ਨਵੇਂ ਹਸਪਤਾਲ ਦੀ ਲੋੜ ਨੂੰ ਸੁਹਿਰਦਤਾ ਨਾਲ ਦਰਸਾਉਣ ਅਤੇ ਇਸ ਦੀ ਪੂਰਤੀ ਲਈ ਪ੍ਰਿੰਸੀਪਲ ਸੰਜੀਵ ਧਵਨ ਆਪਣੇ ਕੁਝ ਹਮ-ਖ਼ਿਆਲ ਦੇ ਸਾਥੀਆਂ ਨਾਲ 17 ਅਕੂਬਰ ਦਿਨ ਵੀਰਵਾਰ ਨੂੰ ਸਵੇਰੇ ਬਰੈਂਪਟਨ ਡਾਊਨ ਟਾਊਨ ਸਥਿਤ ਸਿਟੀ ਹਾਲ ਤੋਂ ਓਨਟਾਰੀਓ ਪ੍ਰੋਵਿੰਸ਼ੀਅਲ ਅਸੈਂਬਲੀ ਹਾਲ ਤੀਕ ਪੈਦਲ ਮਾਰਚ ਕਰ ਰਹੇ ਹਨ। ਇਹ ਮਾਰਚ ਸਵੇਰੇ 8.00 ਵਜੇ ਸ਼ੁਰੂ ਹੋਵੇਗਾ ਅਤੇ ਨਿਰਧਾਰਤ ਕੀਤੇ ਗਏ ਰੂਟ 'ਤੇ ਚੱਲਦਾ ਹੋਇਆ 8-9 ਘੰਟਿਆਂ ਬਾਅਦ ਟੋਰਾਂਟੋ ਡਾਊਨ ਟਾਊਨ ਟਾਊਨ ਪਹੁੰਚੇਗਾ। ਬਰੈਂਪਟਨ ਵਿਚ ਇਕ ਹੋਰ ਹਸਪਤਾਲ ਦੀ ਲੋੜ ਨਾਲ ਸਹਿਮਤੀ ਪ੍ਰਗਟ ਕਰਨ ਵਾਲੇ ਸੁਹਿਰਦ ਸਾਥੀਆਂ ਨੂੰ ਇਸ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਪ੍ਰਿੰਸੀਪਲ ਧਵਨ ਨੂੰ ਉਨ੍ਹਾਂ ਦੇ ਸੈੱਲ ਨੰਬਰ 647-407-6600 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਦੇ ਨਾਲ ਹੀ ਪ੍ਰਿੰ. ਧਵਨ ਦੇ ਦੱਸਿਆ ਕਿ ਬਰੈਂਪਟਨ ਵਿਚ ਹਸਪਤਾਲ ਦੀ ਇਸ ਮੰਗ ਪ੍ਰਤੀ ਆਵਾਜ਼ ਉਠਾਉਣ ਲਈ ਉਹ ਆਪਣੇ ਹਨ-ਖ਼ਿਆਲ ਸਾਥੀਆਂ ਦੇ ਨਾਲ 22 ਅਕਤੂਬਰ ਨੂੰ ਪੀ.ਸੀ. ਪਾਰਟੀ ਨਾਲ ਸਬੰਧਿਤ ਐੱਮ.ਪੀ.ਪੀ. ਅਮਰਜੋਤ ਸੰਧੂ ਦੇ ਹਾਈਵੇਅ-10 ਤੇ ਗਲਿੰਘਮ ਰੋਡ ਸਥਿਤ ਦਫ਼ਤਰ ਦੇ ਸਾਹਮਣੇ ਸਾਰਾ ਦਿਨ ਭੁੱਖੇ ਬੈਠਣਗੇ ਅਤੇ ਮਾਂ ਕੋਲੋਂ ਰੋ ਕੇ ਦੁੱਧ ਮੰਗਣ ਵਾਲੇ ਬੱਚੇ ਦੀ ਨਿਆਈਂ ਬਰੈਂਪਟਨ-ਵਾਸੀਆਂ ਦੀ ਇਹ ਯੋਗ ਮੰਗ ਉਠਾਉਣਗੇ।

**ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ**

ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋਂ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

**UPPAL LAW**

AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ ਗਾਰੰਟਿਡ**
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਸੰਤ ਬਾਬਾ ਰਾਮ ਸਿੰਘ ਜੀ ਦੀ ਸਲਾਨਾ ਬਰਸੀ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਲੱਲਕਲਾਂ ਅਤੇ ਸਮਰਾਲਾ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਰਾਮ ਸਿੰਘ ਜੀ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ 18 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10:30 ਵਜੇ ਆਰੰਭ ਕੀਤੇ ਜਾ ਰਹੇ ਹਨ ਅਤੇ 20 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਭੋਗ ਪਾਏ ਜਾਣਗੇ । ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਿਵਾਰਾਂ ਸਮੇਤ ਗੁਰਦਵਾਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

**ਵਧੇਰੇ ਜਾਣਕਾਰੀ ਲਈ ਕਾਲ ਕਰੋ:**
**ਕਰਮ ਸਿੰਘ ਪੂਨੀਆ : 416-262-2600**
**ਜੀਤ ਸਿੰਘ : 647-655-1543**

## ਬਾਬਾ ਨਾਨਕ ਸਾਹਿਬ ਦੀ ਨੇਪਾਲ ਉਦਾਸੀ 'ਤੇ ਖੋਜ ਦੀ ਹਦਾਇਤ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਸਿੱਖ ਗੁਰੂ ਸ੍ਰੀ ਨਾਨਕ ਦੇਵ ਜੀ ਦੀ ਨੇਪਾਲ ਉਦਾਸੀ 'ਤੇ ਖੋਜ ਕਰਨ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਕਿਹਾ ਹੈ। ਕੱਲ੍ਹ ਏਥੇ ਪੰਜਾਬ ਭਵਨ ਵਿਖੇ ਨੇਪਾਲ ਦੀ ਸਿੱਖ ਵਿਰਾਸਤ ਦੀ ਪੇਸ਼ਕਾਰੀ ਦੌਰਾਨ ਸਿੱਖ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ ਅਤੇ ਵਿਦਵਾਨਾਂ ਦੀ ਬੈਠਕ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਨੇਪਾਲ ਦਾ ਸਿੱਖਾਂ ਨਾਲ ਮਜ਼ਬੂਤ ਰਿਸ਼ਤਾ ਹੈ। ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਵੇਲੇ ਇਸ ਧਰਤੀ ਤੱਕ ਗਏ ਸਨ, ਜਿਸ ਦਾ ਉਦੇਸ਼ ਦੁੱਖ ਤਕਲੀਫਾਂ ਤੋਂ ਮਨੁੱਖਤਾ ਦਾ ਕਲਿਆਣ ਕਰਨਾ ਸੀ। ਮੁੱਖ ਮੰਤਰੀ ਨੇ ਸੁਝਾਅ ਦਿੱਤਾ ਕਿ ਇਸ ਸਬੰਧੀ ਹੋਰ ਖੋਜ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੇਪਾਲ ਦੀ ਪਵਿੱਤਰ ਉਦਾਸੀ ਦੇ ਨਵੇਂ ਪੱਖ ਉਭਰ ਕੇ ਸਾਹਮਣੇ ਆਉਣਗੇ।



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.




Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।


FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ



- 1st class air-condition Transportation
- 4 Star Hotels
- Breakfast, lunch & Dinner

e-mail:surprisefares@rogers.com

Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg

| Hotel Package | |
|---|---|
| 7 Days............ | CAD865 |
| 9 Days............ | CAD 965 |

- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ

ਸੰਪਰਕ ਕਰੋ:416 926 8250

Security & First Aid will be provided!

208-1555 Kingston rd, Pickering L1V 0E9 | 103-100 Dynamic Drive Toronto M1V 5C4



NEW
NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

OUR PLAN TO PUT MORE MONEY IN YOUR POCKET:

- Scrapping the Carbon Tax
- EI Maternity and Parental Benefits
  Savings of up to $4,000
- Green Public Transit Tax Credit
  Savings of up to $1,000
- Universal Tax Reduction
  Savings of up to $850/couple per year

VOTE OCT 21st, 2019



SARABJIT KAUR
ETOBICOKE NORTH
sarabjitkaur.ca | 416.748.9696 | @ElectSarabjitK
1753 Albion Road, Unit #9, Etobicoke, ON
Off: 416.743.5710

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF SARABJIT KAUR

IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

RAMONA SINGH
CANDIDATE FOR MP - BRAMPTON EAST

CONSERVATIVE
WILL FIGHT FOR BRAMPTON'S FAIR SHARE

-Get tough on guns and gangs
-Stop illegal border crossings
-Support the family reunification program (parents and grandparents)
-Lower income tax rates for low and middle income earners
-Lower the cost of living by scrapping the carbon tax
-Increase the Age Tax Credit by $1000 for seniors
-Fix the mortgage stress test
-Make maternity and paternity benefits tax-free

It's Time For you To Get Ahead

Join Our Team!
647.400.7000

9990 The Gore Rd, 3rd Floor
Brampton, ON L6P 0A7

info@ramonasingh.ca
www.ramonasingh.ca



IT'S TIME FOR A CHANGE!



AFTER 4 YEARS OF INEFFECTIVE PRESENTATION
IF YOU WANT AN MP WHO CARES,
AN MP YOU CAN TRUST
JOIN THE WINNING TEAM!

For Brampton Centre
ELECT
Pawanjit GOSAL

CONSERVATIVE
electgosal@gmail.com
electgosal.ca

647.484.7777
Authorized by the official agent of the Pawanjit Gosal campaign
TeamGosal TeamGosal

IT'S TIME FOR you TO GET AHEAD
CONSERVATIVE

Andrew Scheer and Canada's Conservatives have a plan to put more money in the pockets of Ontario families.

Eliminating the carbon tax
$564 *by 2022

Taking federal portion of HST off of home energy
$113.80 *per household

Universal Income Tax Cut
$850 per household *two income average

Kids' arts, sports and music tax credits
Up to $225

Making maternity and parental benefits tax free
Up to $4,215

RESP contribution increase
$250 *Total maximum government contribution to RESPs increase to $750 per year

Public Transit Tax Credit
$508 *Average savings for GO fares from Union Station to Bramalea Station

Increased Age Credit
$150 *per senior

